ੴ ਸਤਿਗੁਰ ਪ੍ਰਸਾਦਿ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥

# ਗੁਰਪ੍ਰਸਾਦਿ ਮਹਾਂ ਵਿਸਮਾਦ ਸ੍ਰੀ ਫੁਨਹੇ ਜੀ ਦੇ ਅਰਥ ਸਟੀਕ ਜੀ।




ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕ-ਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।

DOWNLOAD LEARN SHUDH GURBANI APP
@gursevaksevadar | www.gursevak.com | hello@gursevak.com



ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ ’ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ’ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅ-ਤਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ ’ਚ ਗੋਲ ਦਾਇਰੇ ਤਿੱਖੇ ਤੀਰਾਂ
ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ’ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ ’ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿ-ਆਰੇ ਸੱਚੇ ਬਹੁ ਬੇਅੰਤ; ਊਚ ਤੇ ਊਚਾ॥ ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, ਗੁਰਦੇਵ ਮਾਤਾ. ਗੁਰਦੇਵ ਪਿਤਾ; ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ ’ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ ’ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿ-ਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥

ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਤੂ ਚਉ ਸਜਣ ਮੈ-ਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥) ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥) ਸਭੁ ਦਿਨਸੁ ਰੈਣਿ.ਦੇਖਉ ਗੁਰੁ ਅਪੁਨਾ; ਵਿਚਿ ਅਖੀ.ਗੁਰ ਪੈਰ ਧਰਾਈ॥) ਸਾਗਰ ਮੇਰ ਉਦਿਆਨ ਬਨ; ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ; ਗਨਉ ਏਕ ਕਰਿ ਕਰਮ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ. ਪ੍ਰੀਤਿ ਨ ਤੋਰਉ॥) ਜੋ ਗੁਰ ਦੀਸੈ ਸਿਖੜਾ; ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥) ਗੁਰਸਿਖਾਂ ਕੀ ਹਰਿ.ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥) ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ॥) ਸਚੁ ਸੁਹਾਵਾ ਕਾਢੀਐ; ਕੂੜੈ ਕੂੜੀ ਸੋਇ॥ ਨਾਨਕ.ਵਿਰਲੇ ਜਾਣੀਅਹਿ; ਜਿਨ ਸਚੁ ਪਲੈ ਹੋਇ॥) ਹੀਣਉ ਨੀਚੁ ਕਰਉ ਬੇਨੰਤੀ; ਸਾਚੁ ਨ ਛੋਡਉ ਭਾਈ॥ ਨਾਨਕ.ਜਿਨਿ ਕਰਿ ਦੇਖਿਆ; ਦੇਵੈ ਮਤਿ ਸਾਈ॥) ਕੂੜ ਨਿਖੁਟੇ. ਨਾਨਕਾ; ਓੜਕਿ ਸਚਿ ਰਹੀ॥ {ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ.ਕਬਹੂੰ ਨ ਟਰੋ॥) ਕਰਿ ਮਨ ਮੇਰੇ; ਸਤਿ ਬਿਉਹਾਰ॥ ਅਨੁਸਾਰ ਇਹ ਪਰਮਪਵਿੱਤ੍ਰ ਪੋਥੀਆਂ ਪੂਰਨ ਸਤਿਕਾਰ ਸਹਿਤ ਬਹੁ ਗਿਣਤੀ 'ਚ ਸੰਭਾਲੋ.ਪੂਰਨ ਪ੍ਰੇਮ ਸਹਿਤ ਪੜ੍ਹੋ, ਦਸਖ਼ਤ ਕਰਾ ਕੇ.ਅਰਦਾਸਿ ਕਰਕੇ, ਪੜ੍ਹਨ ਨੂੰ ਦਿੰਦੇ ਲੈਂਦੇ ਰਹੋ। ਯਥਾ:- ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥) ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥}



ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕ-ਾਰ ਉਮਾਹਾ॥ ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥ ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਗੁਰੂ ਪਿਆਰੀ ਗੁਰਸਿੱਖੀ ਦੇ ਪ੍ਰਚਾਰ ਵਿਕਾਸ ਲਈ, ਤਬਦੀਲੀ ਬਿਨਾ, ਵੱਧ ਤੋਂ ਵੱਧ ਹੋਰ ਭਾਸ਼ਾਵਾਂ 'ਚ, ਇਸ ਦਾ ਉਲੱਥਾ ਕਰਨ ਦੀ ਸੇਵਾ ਦਾਸਨ ਦਾਸ ਨਾਲ ਸੰਪ੍ਰਕ ਕਰਕੇ ਕਰੋ ਜੀ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:

੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ।

੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।

੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।

੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਿਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।

੬.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ੍ਰੀ ਦਮਦਮੀ ਟਕਸਾਲ।

੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।

੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!


੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ। ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ **Auido Player** ਪ੍ਰਾਪਤੀ ਲਈ: 306-580-7730 ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ 'CANADIAN TAX RECEIPT' ਦਿੱਤੀ ਜਾਵੇਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD'S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।



## Download the app "LEARN SHUDH GURBANI" on Apple & Android






Available on the App Store

GET IT ON Google Play

## Download all the Pothi Sahibs at GURSEVAK.COM





@gursevaksevadar

ਫੁਨਹੇ ਮਹਲਾ ੫ ੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ

ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥ ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ ਜਦੋਂ ਜੁਆਨ ਹੋਏ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸਤਿਗੁਰੂ ਰਾਮਦਾਸ ਸਾਹਿਬ ਜੀ ਅਪਨੇ ਪਿਆਰੇ ਗੁਰਮੁਖਿ ਸਾਹਿਬਜ਼ਾਦੇ, ;ਗੁਰੁ ਅਰਜੁਨੁ ਪਰਤਖ੍ਯ ਹਰਿ॥ ਜੀ ਨੂੰ ਮਉ ਪਿੰਡ ਜ਼ਿਲਾ ਫਲੌਰ, ਗੁਰਮੁਖਿ ਸ੍ਰੀ ਗੰਗਾ ਜੀ ਨਾਲ ਵਿਆਹੁਣ ਲਈ ਸਾਧੂ ਸੰਤਾਂ ਅਤੇ ਸੱਤ ਸੰਤੋਖ ਦਇਆ ਧਰਮ ਨਿਮ੍ਰਤਾ ਗ੍ਰੀਬੀ ਸਹਿਜ ਅਵਸਥਾ ਸ਼ਾਂਤੀ ਧੀਰਜ ਖ਼ਿਮਾ ਆਦਿ ਸ਼ੁਭ ਗੁਣਾਂ ਦੀ ਜੰਞ ਨਾਲ ਲੈ ਕੇ ਗਏ। ਉਸ ਸਮੇਂ ਆਮ ਰਿਵਾਜ ਹੁੰਦਾ ਸੀ ਕਿ ਲਾੜੇ ਦਾ ਬਲ ਪਰਖਿਆ ਕਰਦੇ। ਜੁਆਨ ਮਨਮੁਖ ਬੀਬੀਆਂ ਨੇ ਮਸਕਰੀ ਨਾਲ ਇੱਕ ਤਰਖਾਣ ਤੋਂ ਕਿੱਕਰ ਦੇ ਛੋਟੇ ਬ੍ਰਿੱਛ ਨੂੰ ਉੱਪਰੋਂ ਕਟਵਾ ਕੇ, ਕਿੱਲਾ ਬਣਵਾ ਦਿਤਾ। ਮਨਮੁਖ ਬੀਬੀਆਂ ਨੇ ਗੁਰਮੁਖਿ ਲਾੜੇ ਧੰਨ ਧੰਨ ਧੰਨ ਵਾਹਿਗੁਰੂ ਮਹੱਲੇ ਪੰਜਵੇਂ ਸਾਹਿਬ ਜੀ ਨੂੰ ਕਿੱਲਾ ਪੁੱਟਣ ਲਈ ਕਿਹਾ। ਸਤਿਗੁਰ ਅਗਮ ਅਗਾਧਿ ਪੁਰਖੁ; ਕੇਹੜਾ ਝਲੇ ਗੁਰੂ ਦੀ ਝਾਲਾ॥ ਮਹਾਂਬਲੀ, ਬਾਲਾਨ ਬਾਲ॥ ਸਤਿਗੁਰੂ ਸਾਹਿਬ ਜੀ ਨੇ ਘੋੜੇ 'ਤੇ ਚੜ੍ਹ ਕੇ, ਤੇਜ਼ ਦੌੜਾ ਕੇ ਨੇਜ਼ੇ ਨਾਲ ਕਿੱਲੇ ਨੂੰ ਜੜ੍ਹੋਂ ਹੀ ਪੁੱਟ ਦਿਤਾ। ਬਚਨ ਫ਼ੁਰਮਾਏ "ਕਰਾਮਾਤ ਕਹਿਰ ਦਾ ਨਾਮ ਹੈ। ਆਪ ਜੀ ਨੇ ਦਾਸਨਦਾਸ ਦੀ ਕਰਾਮਾਤ ਪਰਖਣੀ ਚਾਹੀ। ਮਉ ਪਿੰਡ ਦੀਆਂ ਜੜਾਂ ਪੁੱਟੀਆਂ ਗਈਆਂ, ਉੱਜੜ ਕੇ ਹੋਰ ਥਾਂ ਵਸੇਗਾ। ਇੱਥੇ ਦਾਸਨਦਾਸ ਦੇ ਵਿਆਹ ਦੇ ਯਾਦਗਾਰ ਗੁਰਦੁਆਰਾ ਸਾਹਿਬ ਜੀ ਬਨਣਗੇ।" ਗਿਰਿ ਬਸੁਧਾ ਜਲ ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ॥ ਅਨੁਸਾਰ ਸ਼ੁਭ ਸੱਚੇ ਅਮੋਲਕ ਅੰਮ੍ਰਿਤ ਬਚਨ ਪੂਰੇ ਹੋਏ, ਹੁਣ ਇੱਥੇ ਗੁਰਦੁਆਰਾ ਸਾਹਿਬ ਜੀ ਹਨ ਜੀ ਰਾਮ ਜੀ!

ਵੀਆਹੁ ਹੋਆ ਮੇਰੇ ਬਾਬੋਲਾ; ਗੁਰਮੁਖੇ ਹਰਿ ਪਾਇਆ॥੨॥ ਅਨੰਦ ਕਾਰਜ ਉਪਰੰਤ, ਬੀਬੀਆਂ ਨੇ ਹਾਸਾ ਮਖ਼ੌਲ ਮਸਕਰੀਆਂ ਕਰਦਿਆਂ ਕਿਹਾ "ਹੇ ਗੁਰਮੁਖਿ ਲਾੜੇ ਜੀ! ਉਤਾਂਹ ਝਾਕ ਕੇ ਸਾਡੇ ਵੱਲ ਦੇਖੋ, ਹੱਸੋ ਹੱਸਾਉ" ਪੰਚ ਤਸਕਰ ਧਾਵਤ ਰਾਖੇ; ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ. ਦੁਰਮਤਿ ਭਾਗੀ; ਐਸਾ ਬ੍ਰਹਮਗਿਆਨੁ॥੨॥ ਸਤਿਗੁਰੂ ਮਹੱਲਾ ਪੰਜਵਾਂ ਜੀ ਨਿਰਵਿਕਾਰ ਗੁਰਮੁਖਿ ਨਿਰਲੇਪ ਅਵਸਥਾ 'ਚ ਨੀਵੀਂ ਪਾ ਕੇ, ਅਡੋਲ ਇੱਕ ਰਸ ਸਿਮਰਨ ਕਰਦਿਆਂ ਨਿਰਲੇਪ ਰਹੇ। ਗੁਰਮੁਖਿ ਸ੍ਰੀ ਗੰਗਾ ਜੀ ਦੇ ਸਤਿਕਾਰਯੋਗ ਭੈਣ ਹਰਿਹਾਂ ਜੀ ਨੇ ਪ੍ਰੇਮ ਬੇਨਤੀ ਕੀਤੀ "ਹੇ ਸੁੰਦਰ ਗੁਰਮੁਖਿ ਲਾੜੇ ਜੀ! ਸਾਨੂੰ ਕੋਈ

ਕਵਿਤਾ, ਛੰਦ ਗਾ ਕੇ ਸੁਣਾਉ।" ਜੈਸੀ ਮੈ ਆਵੈ ਖਸਮ ਕੀ ਬਾਣੀ; ਤੈਸੜਾ ਕਰੀ ਗਿਆਨੁ. ਵੇ ਲਾਲੋ॥) ਧੁਰ ਕੀ ਬਾਣੀ ਆਈ॥ ਤਿਨਿ; ਸਗਲੀ ਚਿੰਤ ਮਿਟਾਈ॥) ਦੋਹਿਤਾ ਬਾਣੀ ਕਾ ਬੋਹਿਥਾ।) ;ਗੁਰੁ ਅਰਜੁਨੁ ਪਰਤਖੵ ਹਰਿ॥ ਜੀ ਅੰਦਰ ਬਾਹਰ ਅਕਾਲਪੁਰਖੁ ਵਾਹਿਗੁਰੂ ਜੀ ਦੇ ਦਰਸਨ ਕਰਕੇ ਮੋਹਿਤ ਹੋ ਰਹੇ ਹਨ। ਅਕਾਲਪੁਰਖੁ ਵਾਹਿਗੁਰੂ ਜੀ ਨੂੰ ਪਤੀ ਪਰਮਾਤਮਾ ਜੀ ਮੰਨ ਕੇ, ਸਨਮੁਖ ਚੇਹਰੇ ਵੱਲ ਤੱਕ ਕੇ, ਸਰਬੱਤ ਦੇ ਭਲੇ ਲਈ ਅੰਮ੍ਰਿਤ ਧੁਰ ਕੇ ਫੁਨਹੇ ਗੁਰਬਾਣੀ ਜੀ ਦੁਆਰਾ ਸੱਚੇ ਪਤੀ ਪਰਮਾਤਮਾ ਜੀ ਦੀ ਬਿਅੰਤ ਬਿਅੰਤ ਸੱਚੀ ਸੁੱਚੀ ਉੱਚੀ ਮਹਿਮਾ ਕਰ ਰਹੇ ਹਨ। ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਦਾ ਮਨ ਵਾਹਿਗੁਰੂ ਜੀ ਦੇ ਸੱਚੇ ਦਰਸਨਾਂ 'ਚ ਲੀਣ ਹੋ ਰਿਹਾ ਹੈ। ਇਸ ਲਈ, ਅਪਣੇ ਮਹਿਲ ਗੁਰਮੁਖਿ ਸ੍ਰੀ ਗੰਗਾ ਜੀ ਦੀ ਭੈਣ ਅਤੇ ਭੈਣ ਜੀ ਦੀਆਂ ਸਹੇਲੀਆਂ, ਠੱਗ ਨਹੀਂ ਸਕੀਆਂ। ਆਪ ਜੀ ਪਰਤੱਖ ਹਰੀ ਸਰੂਪ ਹੋਂ ਜੀ ਰਾਮ ਜੀ! ਯਥਾ:- ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖੵ ਹਰਿ॥ ਇਸ ਪ੍ਰਕਾਰ, ਹਰਿਹਾਂ ਜੀ ਅਤੇ ਹਰਿਹਾਂ ਦੀ ਸਹੇਲੀਆਂ ਦੇ ਵਿਕਾਰ ਮੇਟ ਦਿੱਤੇ। ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਅਤੇ ਦਿਮਾਗ 'ਚ ਗੁਰਬਾਣੀ ਜੀ ਔਣ ਲੱਗ ਗਏ। ਐਸਾ ਅਲੌਕਿਕ ਉਪਦੇਸ਼ ਅੱਜ ਤੱਕ ਹੋਰ ਕੋਈ ਅਪਣੀ ਸਾਲ਼ੀ ਨੂੰ ਬਖ਼ਸ਼ ਨਹੀਂ ਸਕਿਆ। ਪਰਥਾਇ ਸਾਖੀ. ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਫੁਨਹੇ ਬਾਣੀ ਉਚਾਰ ਕੇ ਪੂਰੇ ਜਗਤ 'ਤੇ ਪਰਉਪਕਾਰ ਕੀਤਾ। ਸਤਿਗੁਰੂ ਪਾਰਬ੍ਰਹਮ ਨਿਰੰਕਾਰ ਜੀ ਦੇ ਅਵਤਾਰ ਜੀ, ਸਦਾ ਜਾਈਏ ਬਲਿਹਾਰ ਜੀ, ਬਖ਼ਸ਼ਿਆ ਅੰਮ੍ਰਿਤ ਨਾਮ ਜੀ।

ਪ੍ਰੇਮ ਬਿਨੈ:- ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਉੱਚੇ ਨਿਰਮਲ ਸਿੱਖੀ ਧਰਮ ਅਨੁਸਾਰ ਦੇਵਰ, ਭਾਬੀ, ਸਾਲ਼ੀ ਆਦਿਕ ਰਿਸ਼ਤੇ, ਇੱਕ ਦੂਜੇ ਨੂੰ ਵਿਕਾਰ ਦੀ ਦ੍ਰਿਸਟੀ ਨਾਲ ਨਾ ਦੇਖਣ, ਨਾ ਵਿਕਾਰ ਦੀ ਗੱਲ ਕਰ ਸੁਣ ਕੇ ਹੱਸਣ, ਇਹ ਦੁਰਮਤ ਹੈ। ਇਸ ਲਈ ਸਾਰੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੀ ਉਚਾਰੀ ਅੰਮ੍ਰਿਤ ਮਈ ਫੁਨਹੇ ਗੁਰਬਾਣੀ ਨੂੰ ਪੜ੍ਹਣ ਸੁਨਣ ਅਰਥ ਵੀਚਾਰਨ, ਗੌਣ ਸਮਝਣ, ਜਿਸ ਕਰਕੇ ਆਪਸ ਵਿੱਚ ਗੁਰਮੁਖਾਂ ਵਾਲਾ ਗੁਰਮੁਖਿ ਸਬੰਧ ਬਣੇ ਅਤੇ ਜਤ ਸਤ ਸਹਿਤ ਨਾਮ ਜਪਣ ਜਪੌਣ ਵਾਲਾ ਗੁਰਮੁਖਿ ਜੀਵਨ ਬਣੇ। ਯਥਾ:- ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤ ਸੰਗਿ ਹੇਤ॥) ਪਰ ਧਨ ਪਰ ਦਾਰਾ; ਪਰਹਰੀ॥ ਤਾ ਕੈ ਨਿਕਟਿ ਬਸੈ; ਨਰਹਰੀ॥੧॥

## ਫੁਨਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਅਨਤ ਕਲਾ ਹੋਇ ਠਾਕੁਰੁ ਚੜਿਆ॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਧੰਨ ਧੰਨ ਧੰਨ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਅੜਿੱਲ ਦੀ ਚਾਲ 'ਚ ਫੁਨਹੇ ਗੁਰਬਾਣੀ ਜੀ 'ਚ ਵਾਹਿਗੁਰੂ ਜੀ ਦੀ ਉਸਤਤਿ ਅਤੇ (ਫੁਨ+ਹੇ) (ਫੁਨ) ਪੁਨਾਂ ਪੁਨਾਂ ਭਾਵ ਬਾਰ ਬਾਰ ਵਿਕਾਰਾਂ, ਖੋਟੀ ਮੱਤ ਦਾ (ਹੇ) ਤਿਆਗ ਕਥਨ ਕਰਦੇ ਹਨ। (੧ੴ) ਦ੍ਵੈਤ ਰਹਿਤ, ਇੱਕ ਵਾਹਿਗੁਰੂ ਜੀ, ਗੁਰਤਾਗੱਦੀ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਂ ਵਿਸਮਾਦ ਸ੍ਰਬ ਵਿਆਪੀ (ਪ੍ਰਸਾਦਿ) ਕ੍ਰਿਪਾ ਨਾਲ ਪ੍ਰਾਪਤ ਹੁੰਦੇ ਹਨ।

ਵਾਹਿਗੁਰੂ॥ ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ. ਨੇੜਿ ਨ ਆਇਆ॥) ਜੇ ਕੋ ਜੀਉ ਕਹੈ ਓਨ੍ਾ ਕਉ; ਜਮ ਕੀ ਤਲਬ ਨ ਹੋਈ॥ ਅਨੁਸਾਰ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਪਰਮਪੂਜਨੀਕ ਸੱਚੇ ਸਤਿਗੁਰੂ, ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ. ਅਰਜੁਨੁ ਹਰਿ ਭਗਤਾ॥ ਸਾਹਿਬ ਜੀ ਧੰਨ ਹਨ! ਆਪ ਜੀ ਨੇ ਅਪਣੇ ਨਿਰਗੁਨ ਸਰੂਪ ਦੁਆਰਾ, ਬੇਅੰਤ ਸਮੁੰਦ੍ਰ ਰਚੇ ਹਨ। ਆਪ ਜੀ ਦੀਆਂ ਰਚੀਆਂ ਬਿਅੰਤ ਧਰਤੀਆਂ, ਬਿਅੰਤ ਖਾਣੀਆਂ ਬਿਅੰਤ ਅਕਾਸਾਂ, ਬਿਅੰਤ ਹਵਾਵਾਂ, ਬਿਅੰਤ ਬ੍ਰਹਮੰਡ ਦੀ ਰਚਨਾ 'ਚ ਆਪ ਜੀ ਦਾ ਰਚਿਆ ਬਿਅੰਤ ਤਰ੍ਹਾਂ ਦਾ ਪਾਣੀ ਹੈ, ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ; ਪਰਮਪੂਜਨੀਕ ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੇ ਭਉ ਕਰਕੇ, ਪਾਣੀ ਰਚਨਾ ਨੂੰ ਅਪਣੇ 'ਚ ਡੁਬੋ ਨਹੀਂ ਸਕਦਾ। ਥੋੜ੍ਹੇ ਜਿਹੇ ਪਾਣੀ 'ਚ ਕਿਤਨੇ ਤੁਪਕੇ ਹਨ, ਬਿਅੰਤ ਬ੍ਰਹਮੰਡਾਂ ਦੇ ਬਿਅੰਤ ਸਮੁੰਦ੍ਰਾਂ ਨਦੀਆਂ ਦਰਿਆਵਾਂ ਨੱਦਾਂ 'ਚ ਬਿਅੰਤ ਤਰ੍ਹਾਂ ਦਾ ਪਾਣੀ ਹੈ। ਯਥਾ:- ਕਈ ਕੋਟਿ; ਪਵਣ ਪਾਣੀ ਬੈਸੰਤਰ॥) ਅਨਿਕ ਪਵਨ ਪਾਵਕ ਅਰੁ ਨੀਰ॥ ਬਿਅੰਤ ਤਰ੍ਹਾਂ ਦੇ ਪਾਣੀ ਦੇ ਤੁਪਕਿਆਂ ਸਮੇਤ, ਬਿਅੰਤ ਬ੍ਰਹਮੰਡਾਂ ਦੇ ਪਸਾਰੇ ਅਪਣੇ ਸਰਗੁਨ ਸਰੂਪ ਜੀ 'ਚ ਵਸ ਕੇ, ਇਸ ਨੂੰ ਅਪਣੇ ਆਸਰੇ ਟਿਕਾਅ ਕੇ, ਅਪਣੇ ਸਰਗੁਨ ਸਰੂਪ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ, ਗਾਵਹਿ ਤੁਹਨੋ. ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥ ਅਨੁਸਾਰ ਹਰ ਸਮੇਂ ਗਾ ਜਪ ਧਿਆ ਰਹੇ ਹਨ। ਤਖਤਿ ਬੈਠਾ. ਅਰਜਨ ਗੁਰੂ; ਸਤਿਗੁਰ ਕਾ ਖਿਵੈ ਚੰਦੋਆ॥ ਉਗਵਣਹੁ ਤੈ ਆਥਵਣਹੁ; ਚਹੁ ਚਕੀ ਕੀਅਨੁ ਲੋਆ॥ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ, ਜ਼ਾਲਮ ਹੁਣ ਘੋਰ ਭਿਆਨਣ ਅਤਿਆਚਾਰ ਜ਼ੁਲਮ ਕਰਕੇ, ਆਪ ਜੀ ਨੂੰ ਸੜਦੀ ਬਲਦੀ ਲੋਹ 'ਤੇ ਖੜ੍ਹਾ

ਰਹੇ ਹਨ। ਇਤਨੇ ਭਾਰੀ ਕਸ਼ਟਾਂ ਸਮੇਂ ਭੀ ਆਪ ਜੀ ਕਰਤਾਰ ਜੀ ਦੇ ਗੁਣ ਹੀ ਗੌਂਦੇ ਹੋਂ ਜੀ।

ਕਲਜੁਗਿ. ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸ੍ਟਿ ਲਗਿ ਬਿਤਰਹੁ॥੨॥ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦੇ ਸੁੰਦਰ ਮੱਥੇ 'ਚੋਂ ਨਿਰਗੁਨ ਅਕਾਲਪੁਰਖੁ ਵਾਹਿਗੁਰੂ ਜੀ ਦਾ ਇੱਕ ਰਸ ਵਿਸਮਾਦ ਨੂਰ ਪ੍ਰਕਾਸ਼ ਹੋ ਰਿਹਾ ਹੈ। ਆਪ ਜੀ ਦੇ ਵਿਸਮਾਦ ਨਿਰਗੁਨ ਸਰੂਪ ਜੀ ਦੇ ਖਰੇ ਭਾਰੇ ਇਲਾਹੀ ਹੁਕਮ ਨਾਲ, ਹੁਣ ਕ੍ਰੋੜਾਂ ਸੂਰਜ ਕ੍ਰੋੜਾਂ ਕੋਹਾਂ ਚੱਲਦੇ, ਆਪ ਜੀ ਦੇ ਪਾਕ ਨਿਰਗੁਨ ਸਰੂਪ ਤੋਂ ਪ੍ਰਕਾਸ਼ ਪਾ ਰਹੇ ਹਨ। ਹੇ ਨਮੋ ਰਾਜ ਰਾਜੇ; ਆਪ ਜੀ ਇਨ੍ਹਾਂ ਦਾ ਆਸਰਾ, ਇਨ੍ਹਾਂ ਦੇ ਪ੍ਰਕਾਸ਼ਕ ਹੋਂ ਜੀ। ਇਹ ਆਪ ਜੀ ਦਾ ਜਾਪ ਹੁਣ ਕਰ ਰਹੇ ਹਨ ਧੰਨ ਹਨ ਧੰਨ ਹਨ ਧੰਨ ਹਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਧੰਨ ਹਨ। ਦਾਸਨਦਾਸ ਆਪ ਜੀ ਦੇ ਅਗਮ ਮਹਾਂ ਵਿਸਮਾਦ ਨਿਰਾਲੇ ਦਰਸਨ ਕਰਕੇ, ਦਗ ਦਗ ਕਰਦਾ ਮੱਥਾ ਦੇਖ ਕੇ ਮੋਹਿਤ ਹੋ ਗਿਆ ਹੈ। ਯਥਾ:- ਮੋਹਨ ਮੋਹਿ ਲੀਆ ਮਨੁ ਮੇਰਾ; ਸਮਝਸਿ ਸਬਦੁ ਬੀਚਾਰੇ॥੧॥) ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ॥ ਨਾਨਕ ਉਧਰੇ; ਤਿਨ ਕੈ ਸਾਥੇ॥੩॥

ਹਾਥਿ ਕਲੰਮ ਅਗੰਮ; ਮਸਤਕਿ ਲੇਖਾਵਤੀ॥

੧:- ਹੁਕਮੀ ਲਿਖੈ ਸਿਰਿ ਲੇਖੁ; ਵਿਣੁ ਕਲਮ ਮਸਵਾਣੀਐ॥ ਅਨੁਸਾਰ ਧੰਨ ਸੱਚੇ ਪਤੀ ਅਕਾਲਪੁਰਖੁ ਵਾਹਿਗੁਰੂ ਜੀ ਦੇ ਪਰਮਪਵਿੱਤ੍ਰ (ਹਾਥਿ) ਹੱਥ 'ਚ (ਅਗੰਮ) ਅਗੰਮੀ (ਕਲੰਮ) ਕਲਮ ਜੀਵਾਂ ਦੇ (ਮਸਤਕਿ) ਮੱਥੇ ਤੇ ਲੇਖ (ਲੇਖਾਵਤੀ) ਲਿਖਦੀ ਹੈ। ਯਥਾ:- ਸਰਬ ਜੀਆ ਸਿਰਿ ਲੇਖੁ ਧੁਰਾਹੂ; ਬਿਨੁ ਲੇਖੈ. ਨਹੀ ਕੋਈ ਜੀਉ॥ ਆਪਿ ਅਲੇਖੁ. ਕੁਦਰਤਿ ਕਰਿ ਦੇਖੈ; ਹੁਕਮਿ ਚਲਾਏ ਸੋਈ ਜੀਉ॥੧॥

੨:- ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਸ਼ਹੀਦਾਂ ਦੇ ਸਿਰਤਾਜ, ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ। ਜ਼ਾਲਮ ਘੋਰ ਭਿਆਨਕ ਜ਼ੁਲਮ ਕਰਕੇ, ਆਪ ਜੀ ਨੂੰ ਹੁਣ ਉੱਬਲ਼ਦੀ ਦੇਗ਼ 'ਚ ਬੈਠਾ ਰਹੇ ਹਨ, ਹੁਣ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਸੀਸ 'ਤੇ ਪਾ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਬਾਣੀ ਗੁਰੂ. ਗੁਰੂ ਹੈ ਬਾਣੀ; ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁਬਾਣੀ ਕਹੈ. ਸੇਵਕੁ ਜਨੁ ਮਾਨੈ; ਪਰਤਖਿ ਗੁਰੂ ਨਿਸਤਾਰੇ॥ ਅਨੁਸਾਰ ਸਤਿਗੁਰੂ ਮਹੱਲਾ ਪੰਜਵਾਂ ਜੀ ਫ਼ੁਰਮੌਂਦੇ ਹਨ:- ਹੇ, ਧੰਨੁ ਧੰਨੁ ਰਾਮਦਾਸ ਗੁਰੁ; ਜਿਨਿ ਸਿਰਿਆ ਤਿਨੈ ਸਵਾਰਿਆ॥ ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦੇ ਉੱਜਲ ਰੂਹਾਨੀ (ਹਾਥਿ) ਹੱਥਾਂ 'ਚ ਇੱਕ (ਅਗੰਮ) ਅਗੰਮੀ (ਮਸਤਕਿ) ਸ੍ਰੋਮਣੀ

ਅੰਮ੍ਰਿਤ ਮਈ ਧੁਰ ਕੀ ਬਾਣੀ (ਲੇਖਾਵਤੀ) ਲਿਖਣ ਵਾਲੀ (ਕਲੰਮ) ਕਲਮ ਹੈ। ਨਾਮ ਰਸੀਏ ਤੱਤ ਬੇਤੇ ਗੁਰਮੁਖਿ, ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ ਦੀਆਂ ਰਚੀਆਂ ਬਾਣੀਆਂ ਰਾਮਕਲੀ, ਬਿਲਾਵਲ, ਕਾਨੜਾ, ਕਲਿਆਨ ਰਾਗਾਂ 'ਚੋਂ ਅਸਟਪਦੀਆਂ ਇੱਕਠੀਆਂ ਕਰਕੇ ਕੁਲ ਚੌਵੀ ਜੋੜ ਕੇ ਸ੍ਰੀ ਸੁਖਮਨਾ ਸਾਹਿਬ ਜੀ ਦਾ ਨਿਤਨੇਮ ਕਰਦੇ ਹਨ। ਜਿਵੇ ਸੰਗਤ ਜੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਹਨ ਇਉਂ ਸ੍ਰੀ ਸੁਖਮਨਾ ਸਾਹਿਬ ਜੀ ਪੜ੍ਹ ਕੇ ਅਨੰਦ ਮਾਣਦੇ ਹਨ।

੩:- ਜਿਨੀ ਡਿਠਾ. ਮੇਰਾ ਸਤਿਗੁਰੁ ਭਾਉ ਕਰਿ; ਤਿਨ ਕੇ. ਸਭਿ ਪਾਪ ਗਵਾਈ॥ ਹਰਿ ਦਰਗਹ. ਤੇ ਮੁਖ ਉਜਲੇ; ਬਹੁ ਸੋਭਾ ਪਾਈ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਅਪਣੇ ਨਿਰਮਲ ਉੱਜਲ ਭਾਵਨਾ ਦੇ (ਹਾਥਿ) ਹੱਥਾਂ ਨਾਲ (ਅਗੰਮ) ਸੰਸਾਰਕ, ਦੁਨਿਆਵੀ ਬੁੱਧੀ ਦੀ ਪਹੁੰਚ ਰਹਿਤ, ਮਹਾਂ ਵਿਸਮਾਦ (ਕਲੰਮ) ਕਲਮ ਨਾਲ, ਅਪਣੇ ਪਰਮਪਵਿੱਤ੍ਰ ਸੱਚੀ ਸਰਨ 'ਚ ਆਏ ਗੁਰਸਿੱਖਾਂ ਦੇ ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ; ਕਾਲਾ ਹੋਆ ਸਿਆਹੁ॥ ਖੰਨਲੀ. ਧੋਤੀ ਉਜਲੀ. ਨ ਹੋਵਈ; ਜੇ ਸਉ ਧੋਵਣਿ ਪਾਹੁ॥ ਅਨੁਸਾਰ (ਮਸਤਕਿ) ਮੱਥੇ 'ਤੇ ਲਿਖੇ ਲੇਖ, ਕ੍ਰੋੜਾਂ ਹੀ ਮਹਾਂ ਪਾਪ ਮਿਟਾ ਕੇ (ਮਸਤਕਿ) ਸ਼੍ਰੋਮਣੀ ਗੁਰਬਾਣੀ ਜੀ (ਲੇਖਾਵਤੀ) ਲਿਖ ਦਿਤੇ। ਤਿਨ੍ਹਾਂ ਗੁਰਸਿੱਖਾਂ ਨੂੰ ਨਿਸ਼ਕਾਮੀ ਪਰਉਪਕਾਰੀ ਬ੍ਰਹਮਗਿਆਨੀ, ਜਨਮ ਮਰਨ ਰਹਿਤ, ਪਾਪ ਪੁੰਨ ਤੋਂ ਉਚੇ ਕਰ ਦਿਤੇ। ਯਥਾ:- ਮਃ ੧॥ ਆਪੇ ਪਟੀ ਕਲਮ ਆਪਿ; ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ; ਦੂਜਾ ਕਾਹੇ ਕੂ॥੨॥) ਗੁਝੜਾ ਲਧਮੁ ਲਾਲੁ; ਮਥੈ ਹੀ ਪਰਗਟੁ ਥਿਆ॥ ਸੋਈ ਸੁਹਾਵਾ ਥਾਨੁ; ਜਿਥੈ ਪਿਰੀਏ ਨਾਨਕ ਜੀ. ਤੂ ਵੁਠਿਆ॥੩॥) ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ॥ ਨਾਨਕ ਉਧਰੇ; ਤਿਨ ਕੈ ਸਾਥੇ॥੩॥

ਖ਼ਾਸ ਪ੍ਰੇਮੀ ਭਾਈ ਸਾਧੂ ਜੀ ਨੇ ਸਤਿਗੁਰੂ ਸਾਹਿਬ ਜੀ ਦੀ ਪਰਮਪਵਿੱਤ੍ਰ ਉੱਜਲ ਮਹਿਮਾ ਕਵਿਤਾ ਉਚਾਰੀ:- {ਮਹਿਮਾ ਪ੍ਰਕਾਸ਼} ਉਸੇ ਦਿਨ ਲਹੌਰੀ ਸੰਗਤ ਆਈ, ਜਿਸ 'ਚ ਖਾਸ ਪ੍ਰੇਮੀ ਭਾਈ ਸਾਧੂ ਜੀ ਹਜ਼ੂਰ ਦੇ ਪਰਮਪਵਿੱਤ੍ਰ ਨੂਰੀ ਸੱਚੇ ਦਰਸ਼ਨ ਦੇਖ ਕੇ, ਸੱਚੇ ਚਰਨਕਮਲਾਂ 'ਤੇ ਮੋਹਿਤ ਹੋ ਗਏ। ਉਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਦੀ ਪਰਮਪਵਿੱਤ੍ਰ ਉੱਜਲ ਮਹਿਮਾ ਦੇ ਇਹ ਸ਼ੁਭ ਬਚਨ ਗਾਏ:- ਮੈਂ ਵਾਰਿਆ ਗੁਰੂ ਤੋਂ ਵਾਰਿਆ॥ ਮੈਂ ਵਾਰਿਆ ਗੁਰ ਕੀ ਪੱਗੜੀ ਤੋਂ॥ ਪੱਗੜੀ ਸਾਚੇ ਲੱਗੜੀ ਤੋਂ॥ ਮੈਂ ਵਾਰਿਆ ਗੁਰ ਕੇ ਮੱਥੇ ਤੋਂ॥ ਮੱਥੇ ਨੂਰ ਝਮੱਕੇ ਤੋਂ॥ ਮੈਂ ਵਾਰਿਆ ਗੁਰ ਕੇ ਨੈਨਾਂ ਤੋਂ॥ ਨੈਨਾਂ ਸਾਚੀ ਸੈਨਾ ਤੋਂ॥ ਮੈਂ ਵਾਰਿਆ ਗੁਰ ਕੇ ਅਧਰਾਂ ਤੋਂ॥ ਅੰਮ੍ਰਿਤ ਬਾਣੀ ਮਧਰਾਂ ਤੋਂ॥ ਮੈਂ ਵਾਰਿਆ ਗੁਰ ਕੇ ਬਚਨਾ ਤੋਂ॥ ਬਚਨਾ ਸਾਚੇ ਸੱਜਨਾ ਤੋਂ॥ ਮੈਂ ਪੜ੍ਹਦਾ ਸਾਂ ਪਾਪਾਂ ਦੀ ਪੱਟੀ॥ ਬਹਿੰਦਾ ਕੂੜ ਕਪਟ ਦੀ ਹੱਟੀ॥ ਗੁਰ ਪੂਰੇ ਮੇਰੀ ਦੁਰਮਤਿ ਕੱਟੀ॥ ਕਢਿ

ਨਰਕੋਂ ਸੁਰਗ ਬਹਾਲਿਆ॥ ਕਾਮੀ ਕ੍ਰੋਧੀ ਮਤਿ ਕਾ ਹੀਨਾ॥ ਕਰਿ ਕਿਰਪਾ ਸਾਧੂ ਜਨ ਕੀਨਾ॥ ਨਖ ਸਿਖ ਲੈ ਅੰਮ੍ਰਿਤ ਰਸ ਭੀਨਾ॥ ਗੁਰ ਭਉਜਲ ਪਾਰਿ ਉਤਾਰਿਆ॥੧॥ ਇਹ ਸੁਣ ਕੇ ਸ੍ਰੀ ਗੁਰੂ ਸਾਹਿਬ ਜੀ ਭਾਰੀ ਪ੍ਰਸੰਨ ਹੋਏ, ਅੰਦਰ ਬਾਹਰ ਵਿਆਪਕ ਰਾਮ ਦਾ ਪ੍ਰਕਾਸ਼ ਬਖ਼ਸ਼ ਕੇ ਨਿਹਾਲ ਨਿਹਾਲ ਨਿਹਾਲ ਕਰ ਦਿਤੇ।

ਵਾਹਿਗੁਰੂ॥ ਵਾਹਿਗੁਰੂ ਜੀ ਨੇ ਕੌਡੇ ਰਾਕਸ਼ ਨੂੰ ਸੰਤ ਬਣੌਣਾ:- ਇਹ ਆਦਮਖੋਰ ਡਾਕੂ ਵਿੰਧ ਦੇ ਦੱਖਣੀ ਜੰਗਲ਼ 'ਚ ਜੱਬਲਪੁਰ ਰਹਿੰਦਾ ਸੀ, ਗੁਰੂ ਭਗਤ ਪ੍ਰੇਮੀ ਸੇਵਕ ਹਜ਼ੂਰੀ ਕੀਰਤਨੀਏ ਭਾਈ ਮਰਦਾਨੇ ਸਾਹਿਬ ਜੀ ਨੂੰ ਚੁੱਕ ਕੇ ਤੇਲ ਦੇ ਉੱਬਲਦੇ ਕੜਾਹੇ 'ਚ ਸੁੱਟਣ ਹੀ ਲੱਗਾ ਸੀ, ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੇ ਜਾ ਕੇ, "ਸਤਿ ਕਰਤਾਰ" ਕਿਹਾ, ਦਰਸਨ ਕਰਕੇ ਸ਼ਾਂਤ ਹੋ ਗਿਆ, ਕੜਾਹਾ ਠੰਢਾ ਹੋ ਗਿਆ। ਇਸ ਕਰਕੇ ਸੱਚੇ ਸਤਿਗੁਰੂ ਪੰਜਵੇ ਪਾਤਿਸਾਹ ਜੀ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹ ਕੇ ਇਹ ਪੜ੍ਹ ਰਹੇ ਹਨ, ਤਪਤ ਕੜਾਹਾ ਬੁਝਿ ਗਇਆ; ਗੁਰਿ ਸੀਤਲ ਨਾਮੁ ਦੀਓ॥੧॥

ਪ੍ਰੇਮ ਬਿਨੈ:- ਜੋ ਪਰਾਲਬਧ ਕਰਮ ਜੀਵ ਦੇ ਮੱਥੇ 'ਤੇ ਲਿਖੇ ਹਨ ਇਹ ਜੀਵ ਦੇ ਅਪਣੇ ਕੀਤੇ ਹੋਏ ਪਾਪਾਂ ਪੁੰਨਾਂ ਦਾ ਫ਼ਲ਼ ਹੈ। ਨਿਰੰਕਾਰ ਬ੍ਰਹਮ ਜੀ ਜੀਵਾਂ ਦੇ ਕੀਤੇ ਹੋਏ ਪਾਪਾਂ ਪੁੰਨਾਂ ਤੋਂ ਸਦਾ ਨਿਰਲੇਪ ਉੱਜਲ ਹਨ। ਜੀਵਾਂ 'ਤੇ ਕ੍ਰਿਪਾ ਕਰਕੇ ਕਰਮਾਂ ਨੂੰ ਮੇਟ ਕੇ ਅਪਣੇ 'ਚ ਲੀਣ ਕਰ ਲੈਂਦੇ ਹਨ ਜੀ। ਇੱਕ ਡਾਕੂ ਨੇ ਚਾਰ ਬੰਦੇ ਮਾਰ ਦਿਤੇ, ਦੱਸੋ ਉਸ ਦਾ ਕਸੂਰ ਹੈ ਕਿ ਰੱਬ ਦਾ? ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ. ਪਰਤਖੵ ਹਰਿ॥ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਉੱਬਲ਼ਦੀ ਦੇਗ 'ਚ ਬੈਠ ਕੇ ਕਰਨ ਕਰਾਵਨ ਆਪੇ ਆਪਿ॥ ਵਾਲੀ ਅਵੱਸਥਾ ਕਮਾਈ ਹੈ। ਕਤਲ ਕਰਕੇ, ਕਰਨ ਕਰਾਵਨ ਆਪੇ ਆਪਿ॥ ਪੜ੍ਹ ਕੇ, ਪਾਪੀ ਪਾਪ ਤੋਂ ਮੁਕਤ ਨਹੀਂ, ਹੰਗਤਾ ਲਾਲਚ ਕਰਕੇ, ਜੋ ਜੋ ਪਾਪ ਕਰਮ ਕਰਦਾ ਹੈ, ਉਸ ਦਾ ਡੰਡ ਮਿਲਦਾ ਹੈ। ਵਾਹਿਗੁਰੂ ਜੀ ਪਾਪ ਪੁੰਨ ਤੋਂ ਸਦਾ ਨਿਰਲੇਪ ਹਨ। ਯਥਾ:- ਪਾਪ ਪੁੰਨ ਕਾ; ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ; ਸਦ ਹੀ ਜਾਗੈ॥ ਜੀਵ ਪਾਪ ਕਰਕੇ ਇਹ ਕਹਿੰਦੇ ਹਨ ਕਿ ਰੱਬ ਸਾਥੋਂ ਚੰਗਾ ਕਰਵਾ ਲਏ। ਹੰਗਤਾ ਸਹਿਤ ਪਾਪ ਕਰਕੇ, ਇਹ ਕਹਿਣਾ ਮਹਾਂ ਪਾਪ ਹੈ। ਜੇ ਕੋਈ ਤੁਹਾਡੀ ਲੱਤ ਵੱਢੇ, ਤਾਂ ਤੁਸੀਂ ਕਰਨ ਕਰਾਵਨ ਆਪੇ ਆਪਿ॥ ਕਹੋਂਗੇ? ਇਸ ਗ਼ਲਤ ਆਸ਼ੇ ਅਨੁਸਾਰ ਜੱਗ 'ਤੇ ਅੰਧੇਰ ਜ਼ੁਲਮ ਦੇ ਭਾਂਬੜ ਮੱਚ ਰਹੇ ਹਨ। ਸੋ ਦੁੱਖ ਭੁੱਖ ਮਾਰਾਂ ਸਹਾਰ ਕੇ ਮਹਾਨ ਪਰਉਪਕਾਰ ਕਰਕੇ, ਪੂਰਨ ਹੰਗਤਾ ਦੇ ਤਿਆਗੀ ਮਹਾਂਪੁਰਸ਼ ਭਾਣਾ ਮੰਨ ਕੇ ਕਰਨ ਕਰਾਵਨ ਆਪੇ ਆਪਿ॥ ਪੜ੍ਹਨ ਤਾਂ ਸਹੀ ਹੈ। ਸੋ ਪਾਪ ਕਰਨ ਵਾਲਾ ਦੋਸ਼ੀ ਹੈ।

ਭਲਾ ਭਲਾ; ਭਲਾ ਤੇਰਾ ਰੂਪੁ॥ ਅਤਿ ਸੁੰਦਰ; ਅਪਾਰ ਅਨੂਪੁ॥ ਅਨੁਸਾਰ (ਰੂਪਾਵਤੀ) ਸੁੰਦਰ ਸਰੂਪ (ਅਨੂਪ) ਉਪਮਾ ਸਹਿਤ ਅਜਪਾ ਜਾਪ ਵਾਹਿਗੁਰੂ ਜੀ ਅਪਣੀ ਸ੍ਰਬ ਵਿਆਪੀ ਨਿਰਗੁਨ ਜੋਤਿ ਦੁਆਰਾ (ਸਭ) ਸਾਰਿਆਂ ਭਾਵ ਅਨੰਤ ਸੂਰਜਾਂ ਚੰਦ੍ਰਮਿਆਂ ਬਿਜਲੀਆਂ ਅਗਨੀਆਂ ਤਾਰੇ ਮੰਡਲਾਂ, ਸਾਡੇ ਮਨਾਂ ਇੰਦ੍ਰਿਆਂ ਰਿਦਿਆਂ (ਸੰਗਿ) ਨਾਲ (ਉਰਝਿ) ਮਿਲ (ਰਹਿਓ) ਰਹੇ ਹਨ, ਹੁਣ ਸਾਨੂੰ ਆਖਣ ਵੇਖਣ ਬੋਲਣ ਦੀ ਜੋਤਿ ਬਖ਼ਸ਼ ਰਹੇ ਹਨ। ਯਥਾ:- ਸਭ ਮਹਿ ਰਵਿ ਰਹਿਆ ਪ੍ਰਭੁ ਏਕੈ; ਪੇਖਿ ਪੇਖਿ ਨਾਨਕ ਬਿਗਸਾਈ॥੩॥੮॥) ਨਿਰਜੁਰ ਨਿਰੂਪ ਹੋ, ਕਿ ਸੁੰਦਰ ਸਰੂਪ ਹੋ; ਕਿ ਭੂਪਨ ਕੇ ਭੂਪ ਹੋ, ਕਿ ਦਾਤਾ ਮਹਾ ਦਾਨ ਹੋ॥) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥) ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਭਾਵ ਇਤਨੀ ਉਪਮਾ ਹੈ ਕਿ ਭਾਵੇਂ ਸਾਰੇ ਬ੍ਰਹਮੰਡ ਜੀਅ ਜੰਤ ਪੂਰਨ ਗੁਰੂ ਸੰਤ ਹਰ ਸਮੇਂ ਉਪਮਾ ਕਰ ਰਹੇ ਹਨ, ਸਗੋਂ ਹੋਰ ਵੱਧਦੀ ਵੱਧਦੀ ਹੀ ਜਾਂਦੀ ਹੈ। ਯਥਾ:- ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥) ਉਪਮਾ ਜਾਤ. ਨ ਕਹੀ, ਮੇਰੇ ਪ੍ਰਭ ਕੀ; ਉਪਮਾ ਜਾਤ. ਨ ਕਹੀ॥

ਉਸਤਤਿ ਕਹਨੁ. ਨ ਜਾਇ ਮੁਖਹੁ; ਤੁਹਾਰੀਆ॥

ਜਿਹਬਾ ਏਕ ਉਸਤਤਿ ਅਨੇਕ॥ ਅਨੁਸਾਰ ਹੇ ਕੋਟਿ ਬ੍ਰਹਮੰਡ ਕੇ ਠਾਕੁਰੁ ਸੁਆਮੀ; ਸੱਚੇ ਪਤੀ ਅਕਾਲਪੁਰਖੁ ਵਾਹਿਗੁਰੂ ਜੀ! (ਤੁਹਾਰੀਆ) ਆਪ ਜੀ ਦੀ ਸੱਚੀ ਸੁੱਚੀ ਉੱਚੀ ਵਿਸਮਾਦ ਉਸਤਤਿ ਦਾਸਨਦਾਸੀ ਦੇ (ਮੁਖਹੁ) ਮੁਖ ਤੋਂ (ਕਹਨੁ) ਕਹੀ (ਨ) ਨਹੀਂ (ਜਾਇ) ਜਾਂਦੀ। ਯਥਾ:- ਮਹਿਮਾ ਕਹੀ ਨ ਜਾਇ; ਗੁਰ ਸਮਰਥ ਦੇਵ॥ ਗੁਰ ਪਾਰਬ੍ਰਹਮ ਪਰਮੇਸੁਰ; ਅਪਰੰਪਰ ਅਲਖ ਅਭੇਵ॥੧੬॥ ਧੰਨ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੇ, ਰੋਮ ਰੋਮ ਮਹਿ ਬਸਹਿ ਮੁਰਾਰਿ॥ ਰੋਮ ਰੋਮ 'ਚ ਸੱਚੇ ਵਾਹਿਗੁਰੂ ਜੀ ਵਸੇ ਹਨ। ਕਬੀਰ. ਸੁਪਨੈ ਹੂ ਬਰੜਾਇ ਕੈ; ਜਿਹ ਮੁਖਿ ਨਿਕਸੈ ਰਾਮੁ॥) ਊਠਤ ਬੈਠਤ ਸੋਵਤ ਜਾਗਤ; ਇਹੁ ਮਨੁ ਤੁਝਹਿ ਚਿਤਾਰੈ॥ ਅਨੁਸਾਰ ਇਸ ਉੱਚੀ ਹੂ ਉੱਚੀ ਗੁਰਮੁਖਿ ਅਵਸਥਾ 'ਚ ਜਾਗਦਿਆਂ ਸੁੱਤਿਆਂ ਰੋਮ ਰੋਮ ਨਾਲ ਵਾਹਿਗੁਰੂ ਜੀ ਦੀ ਉਸਤਤ ਕਰਦਿਆਂ ਗੁਰਬਾਣੀ ਜੀ ਗਾ ਰਹੇ ਹਨ। ਯਥਾ:- ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥ ਆਪ ਜੀ ਨੂੰ ਤੱਤਾਂ ਅਤੇ ਸਾਰੀਆਂ ਅਵਾਜ਼ਾਂ 'ਚੋਂ ਜਾਪ ਸੁਣ ਰਿਹਾ ਹੈ। ਯਥਾ:- ਜੋ ਬੋਲਤ ਹੈ. ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥

ਮੋਹੀ ਦੇਖਿ ਦਰਸੁ; ਨਾਨਕ ਬਲਿਹਾਰੀਆ॥੧॥

ਹੇ (ਨਾਨਕ) ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨਦੇਵ ਸਾਹਿਬ ਜੀ! ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਪਣੇ ਨਿਰਗੁਨ ਸਰੂਪ ਜੀ ਦੁਆਰਾ ਕੋਟਾਨ ਕੋਟਿ ਬ੍ਰਹਮੰਡਾਂ ਨੂੰ ਰਚਿਆ ਹੈ। ਜ਼ਾਲਮਾਂ ਨੇ ਘੋਰ ਭਿਆਨਕ ਜ਼ੁਲਮ ਕਰਕੇ, ਆਪ ਜੀ ਨੂੰ ਉੱਬਲਦੀ ਦੇਗ਼ 'ਚ ਬੈਠਾਇਆ, ਤੱਤੀ ਤਵੀ 'ਤੇ ਖੜ੍ਹਾ ਕੀਤਾ, ਤੱਤਾ ਰੇਤਾ ਸੀਸ 'ਤੇ ਪਾਇਆ। ਆਪ ਜੀ ਸਰਬੱਤ ਦੇ ਭਲੇ ਲਈ ਹੁਣ ਫ਼ੁਰਮੌਂਦੇ ਹਨ:- ਕਰਤੇ ਕੁਦਰਤੀ ਮੁਸਤਾਕੁ॥ ਅਨੁਸਾਰ ਹੇ ਸਤਿ ਕਰਤਾਰ ਨਿਰਗੁਨ ਨਿਰੰਕਾਰ ਸੱਚੇ ਵਾਹਿਗੁਰੂ ਜੀ! ਆਪ ਜੀ ਦੇ ਵਿਸਮਾਦ ਸੁੰਦਰ (ਦਰਸੁ) ਦਰਸਨ ਦੇਖ ਕੇ ਦਾਸਨਦਾਸੀ (ਮੋਹੀ) ਠੱਗੀ ਗਈ। ਆਪ ਜੀ ਤੋਂ ਦਾਸਨਦਾਸੀ ਅਨਿਕ ਵਾਰ (ਬਲਿਹਾਰੀਆ) ਬਲਿਹਾਰ ਕੁਰਬਾਨ ਜਾਂਦੀ ਹੈ। ਯਥਾ:- ਸੁੰਦਰ ਪੁਰਖ ਬਿਰਾਜਿਤ; ਪੇਖਿ ਮਨੁ ਬੰਚਲਾ॥) ਤੇਰੋ ਰੂਪੁ; ਸਗਲ ਦੇਖਿ ਮੋਹੀ॥੧॥) ਜਾ ਕੇ ਦੇਖਤ ਦੁਆਰੇ, ਕਾਮ ਕ੍ਰੋਧ ਹੀ ਨਿਵਾਰੇ ਜੀ; ਹਉ ਬਲਿ ਬਲਿ ਜਾਉ, ਸਤਿਗੁਰ ਸਾਚੇ ਨਾਮ ਪਰ॥) ਮੋਹਨਿ; ਮੋਹਿ ਲੀਆ ਮਨੁ ਮੋਹਿ॥ ਗੁਰ ਕੈ ਸਬਦਿ; ਪਛਾਨਾ ਤੋਹਿ॥) ਮਿਟਿ ਗਏ ਗਵਨ; ਪਾਏ ਬਿਸ੍ਰਾਮ॥ ਨਾਨਕ. ਪ੍ਰਭ ਕੈ; ਸਦ ਕੁਰਬਾਨ॥੮॥੧੧॥

ਸਭਾ ਪੋਲਾ- ਸੰਤ ਸਭਾ ਮਹਿ ਬੈਸ; ਕਿ ਕੀਰਤਿ. ਮੈ ਕਹਾਂ॥

(ਸੰਤ) ਧੰਨ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਅਥਵਾ (ਸੰਤ) ਧੰਨ ਧੰਨ ਬ੍ਰਹਮਗਿਆਨੀ ਬਾਬਾ ਬੁੱਢਾ ਸਾਹਿਬ ਜੀ, ਜੋ ਗੁਰੂ ਸਾਹਿਬ ਜੀ ਦੇ ਘਾਹੀ ਬਣੇ। ਅਪਣੀ ਪੂਜਾ ਨਹੀਂ ਕਰਾਈ। ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੀ ਪੂਜਾ ਕੀਤੀ ਕਰਾਈ। ਅਤੇ ਮਾਮੇ ਬ੍ਰਹਮਗਿਆਨੀ, ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ, ਧੰਨ ਧੰਨ ਭਾਈ ਗੁਰਦਾਸ ਸਾਹਿਬ ਜੀ ਆਦਿ ਗੁਰਮੁਖਿ ਜਨ, ਜਿਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਅਪਣੇ ਮਨ ਇੰਦ੍ਰਿਆਂ ਨੂੰ ਵਿਸ਼ਿਆਂ ਵੱਲੋ ਸ਼ਾਂਤ ਕਰ ਲਿਆ ਜੀ। ਤਿਨ੍ਹਾਂ ਦੀ ਸ੍ਰੇਸਟ (ਸਭਾ) ਸੰਗਤ (ਮਹਿ) 'ਚ ਸਮਾਧੀ ਇਸਥਿੱਤ, ਸਾਵਧਾਨ ਏਕਾਗਰ ਚੀਤ॥ (ਬੈਸ) ਬੈਠ ਕੇ (ਮੈ) ਦਾਸਨਦਾਸੀ, ਜੈਸਾ ਤੂ. ਤੈਸਾ ਤੁਹੀ; ਕਿਆ ਉਪਮਾ ਦੀਜੈ॥੩॥੧॥ ਅਨੁਸਾਰ ਸੱਚੇ ਅਚੱਲ ਅਖੰਡ ਨਿਰਗੁਨ ਨਿਰੰਕਾਰ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ (ਕਿ) ਕੀ (ਕੀਰਤਿ) ਕੀਰਤੀ ਉਪਮਾ (ਕਹਾਂ) ਕਹੇ? ਭਾਵ ਉਸਤਤਿ ਕਹਨੁ. ਨ ਜਾਇ ਮੁਖਹੁ; ਤੁਹਾਰੀਆ॥ ਅਨੁਸਾਰ ਬਿਅੰਤ ਉਪਮਾ ਕਹੀ ਨਹੀਂ ਜਾ ਸਕਦੀ। ਯਥਾ:- ਕਿਆ ਉਪਮਾ ਤੇਰੀ; ਆਖੀ ਜਾਇ॥ ਤੂੰ ਸਰਬੇ ਪੂਰਿ ਰਹਿਆ; ਲਿਵ ਲਾਇ॥੧॥ਰਹਾਉ॥) ਉਪਮਾ ਜਾਤ. ਨ ਕਹੀ, ਮੇਰੇ ਪ੍ਰਭ ਕੀ; ਉਪਮਾ ਜਾਤ. ਨ ਕਹੀ॥ ਤਜਿ ਆਨ; ਸਰਣਿ ਗਹੀ॥੧॥ਰਹਾਉ॥) ਐਸੋ ਸਮਰਥੁ. ਵਰਨਿ ਨ ਸਾਕਉ; ਤਾ ਕੀ ਉਪਮਾ. ਜਾਤ ਨ ਕਹਿਓ ਰੀ॥੨॥

## ਦਿਵਾਂ- ਅਰਪੀ ਸਭੁ ਸੀਗਾਰੁ; ਏਹੁ ਜੀਉ ਸਭੁ ਦਿਵਾ॥

ਜਿਵੇਂ ਸੰਸਾਰੀ ਇਸਤ੍ਰੀ ਅਪਣੇ ਪਤੀ ਦੀ ਪ੍ਰਸੰਨਤਾ ਲੈਣ ਲਈ ਸ੍ਰੀਰਕ ਹਾਰ ਸ਼ਿੰਗਾਰ ਕਰਦੀ ਹੈ। ਤਿਵੇਂ ਦਾਸਨਦਾਸੀ, ਸਭਨਾਂ ਨੂੰ ਜ਼ਿੰਦ ਜਾਨ ਹਵਾ ਪਾਣੀ ਰੋਜ਼ੀ ਬਖ਼ਸ਼ਣ ਵਾਲੇ ਅਕਾਲਪੁਰਖੁ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ, ਪ੍ਰਸੰਤਾ ਲਈ ਖਿਮਾ ਸਤ ਸੰਤੋਖ ਦਯਾ ਧਰਮ ਆਦਿ ਸ਼ੁਭ ਗੁਣਾਂ ਦਾ ਹਾਰ ਪਹਿਣ ਕੇ (ਸੀਗਾਰੁ) ਸ਼ਿੰਗਾਰ ਕਰਾਂ। ਅਪਣੀ (ਜੀਉ) ਜ਼ਿੰਦ ਜਾਨ ਅਤੇ ਸ਼ਿੰਗਾਰ (ਏਹੁ) ਇਹ ਸਭੁ ਕੁੱਝ ਸੱਚੇ ਪਤੀ ਸੱਚੇ ਨਾਮ ਦੇ ਸੱਚੇ ਦਾਤੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਮਿੱਠੇ ਸੱਚੇ ਪਰਉਪਕਾਰੀ ਚਰਨਕਮਲਾਂ 'ਚ ਰੱਖ ਕੇ (ਅਰਪੀ) ਅਰਪ (ਦਿਵਾ) ਦੇਵਾਂ। ਗੁਰਮੁਖਿ ਸਖੀ ਸ਼ੁਭ ਗੁਣਾਂ ਦਾ ਹੰਕਾਰ ਨਹੀਂ ਕਰਦੀ। ਯਥਾ:- ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥) ਤਨੁ ਮਨੁ ਧਨੁ ਅਰਪੀ ਸਭੋ; ਸਗਲ ਵਾਰੀਐ ਇਹ ਜਿੰਦੁ॥) ੧ਓ ਸਤਿਗੁਰ ਪ੍ਰਸਾਦਿ॥ ਆਸਾ ਘਰੁ ੬ ਮਹਲਾ ੧॥ ਮਨੁ ਮੋਤੀ ਜੇ ਗਹਣਾ ਹੋਵੈ; ਪਉਣੁ ਹੋਵੈ ਸੂਤ ਧਾਰੀ॥ ਖਿਮਾ ਸੀਗਾਰੁ. ਕਾਮਣਿ ਤਨਿ ਪਹਿਰੈ; ਰਾਵੈ ਲਾਲ ਪਿਆਰੀ॥੧॥ ਲਾਲ ਬਹੁ ਗੁਣਿ; ਕਾਮਣਿ ਮੋਹੀ॥ ਤੇਰੇ ਗੁਣ; ਹੋਹਿ ਨ ਅਵਰੀ॥੧॥ਰਹਾਉ॥ ਹਰਿ ਹਰਿ ਹਾਰੁ. ਕੰਠਿ ਲੇ ਪਹਿਰੈ; ਦਾਮੋਦਰੁ ਦੰਤੁ ਲੇਈ॥ ਕਰ ਕਰਿ ਕਰਤਾ. ਕੰਗਨ ਪਹਿਰੈ; ਇਨ ਬਿਧਿ ਚਿਤੁ ਧਰੇਈ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ; ਪਰਮੇਸਰੁ ਪਟੁ ਲੇਈ॥ ਧੀਰਜੁ. ਧੜੀ ਬੰਧਾਵੈ ਕਾਮਣਿ; ਸ੍ਰੀਰੰਗੁ. ਸੁਰਮਾ ਦੇਈ॥੩॥ ਮਨ ਮੰਦਰਿ ਜੇ ਦੀਪਕੁ ਜਾਲੇ; ਕਾਇਆ ਸੇਜ ਕਰੇਈ॥ ਗਿਆਨਰਾਉ. ਜਬ ਸੇਜੈ ਆਵੈ; ਤ ਨਾਨਕ. ਭੋਗੁ ਕਰੇਈ॥੪॥੧॥੩੫॥

## ਆਸ ਪਿਆਸੀ; ਸੇਜ ਸੁ ਕੰਤਿ ਵਿਛਾਈਐ॥

ਪਤੀ ਪਰਮਾਤਮਾ ਜੀ ਨੂੰ ਮਿਲਣ ਦੀ ਤੀਬਰ ਆਸ, ਦਰਸਨਾਂ ਦੀ ਪਿਆਸ 'ਚ ਦਾਸਨਦਾਸੀ ਨੇ (ਕੰਤਿ) ਪਤੀ ਪਰਮਾਤਮਾ ਜੀ ਲਈ ਅੰਤਹਕਰਨ 'ਚ ਉਮੀਦ, ਭਰੋਸੇ ਨਾਲ ਆਗਿਆ ਮੰਨਣ ਰੂਪੀ ਅਥਵਾ ਸ਼ਰਧਾ ਰੂਪੀ (ਸੁ) ਸ੍ਰੇਸਟ ਸੇਜ (ਵਿਛਾਈਐ) ਵਿਛੌਣਾ ਕੀਤੀ ਹੈ। ਯਥਾ:- ਸੇਜ ਵਿਛਾਈ ਸਰਧ ਅਪਾਰਾ॥) ਸਸਾ; ਸੋ ਸਹ ਸੇਜ ਸਵਾਰੈ॥) ਆਸ ਪਿਆਸੀ; ਸੇਜੈ ਆਵਾ॥ ਆਗੈ ਸਹ ਭਾਵਾ; ਕਿ ਨ ਭਾਵਾ॥੨॥ ਕਿਆ ਜਾਨਾ; ਕਿਆ ਹੋਇਗਾ. ਰੀ ਮਾਈ॥ ਹਰਿ ਦਰਸਨ ਬਿਨੁ; ਰਹਨੁ ਨ ਜਾਈ॥੧॥ਰਹਾਉ॥

ਦ੍ਰਿਸਟਾਤ:- ਸੱਚੇ ਸਤਿਗੁਰੂ ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਨੇ ਤੈ ਤਾ ਹਦਰਥਿ ਪਾਇਓ ਮਾਨੁ, ਸੇਵਿਆ ਗੁਰੁ ਪਰਵਾਨੁ; ਅਨੁਸਾਰ ਧੰਨ ਧੰਨ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦੀ ਸ਼ੁਭ ਸਚੀ ਸੇਵਾ ਕੀਤੀ। ਭਾਣਾ ਜੀ, ਭਲਾ ਜੀ, ਭੁੱਲ ਗਏ ਜੀ ਬਚਨ ਕਮਾ ਕੇ ਆਪਾ ਭਾਵ ਮਿਟਾਇਆ। ਬਿੱਲੀ ਦੀ ਚੱਬੀ ਚੂਹੀ ਬਾਹਰ ਸੁੱਟ ਆਏ, ਚਲ੍ਹੇ 'ਚੋਂ ਕਟੋਰਾ ਕੱਢਿਆ, ਮੁਰਦਾ ਖਾਣ ਤੱਕ ਹੁਕਮ ਮੰਨਿਆ। ਜਦੋਂ ਗੁਰੂ

ਨਾਨਕਦੇਵ ਸਾਹਿਬ ਜੀ ਰਾਵੀ 'ਚ ਇਸ਼ਨਾਨ ਕਰ ਰਹੇ ਸਨ, ਵਰਖਾ ਪੈਣ ਲਗੀ। ਬਸਤ੍ਰ ਸੁੱਕੇ ਰੱਖਣ ਲਈ ਅਪਣੇ ਬੁੱਕਲ 'ਚ ਲੈ ਲਏ। ਠੰਢ ਕਰਕੇ ਆਪ ਜੀ ਮੂਰਛਤ ਹੋ ਗਏ। ਫੇਰ ਭੀ ਗੁਰੂ ਸਾਹਿਬ ਜੀ ਦੇ ਪ੍ਰੇਮ 'ਚ ਭਿੱਜੇ ਹੋਏ, ਬਸਤ੍ਰ ਸੁੱਕੇ ਰੱਖੇ। ਇਸ ਸ਼ਰਧਾ ਨੂੰ ਵੇਖ ਕੇ, ਗੁਰੁ ਨਾਨਕੁ ਤੁਠਾ; ਕੀਨੀ ਦਾਤਿ॥ ਗੁਰੂ ਨਾਨਕਦੇਵ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਆਪ ਜੀ ਦੇ ਚਰਨਾਂ ਦੇ ਅਗੂਠੇ ਨੂੰ ਮੱਥਾ ਲਾਇਆ ਅਤੇ ਅਜਪਾ ਜਾਪ ਬਖ਼ਸ਼ਿਆ। ਸਤਿਗੁਰੂ ਅੰਗਦਦੇਵ ਸਾਹਿਬ ਜੀ ਸੋਚਣ ਲੱਗੇ 'ਕਿ ਖੰਡਾਂ ਬ੍ਰਹਮੰਡਾਂ ਦੇ ਮਾਲਕ ਜੀ ਨੇ ਦਾਸਨਦਾਸ ਦੇ ਪੈਰ ਤੇ ਅਪਣਾ ਪਵਿੱਤ੍ਰ ਮੱਥਾ ਲਾਇਆ, ਜਿਸ ਅੰਗ ਦੇ ਮੱਥਾ ਲੱਗਿਆ ਉਹ ਗਲ਼ ਜਾਵੇ' ਤਾਂ ਸਤਿਗੁਰੂ ਨਾਨਕਦੇਵ ਸਾਹਿਬ ਜੀ ਕਹਿੰਦੇ 'ਬਸ ਪੁਰਖਾ, ਅਗਾਂਹ ਨਾ ਬੋਲ, ਆਪ ਜੀ ਦੇ ਬਚਨ ਪੂਰੇ ਹੋ ਜਾਣਗੇ' ਸਤਿਗੁਰੂ ਤੀਜੇ ਪਾਤਿਸਾਹ ਜੀ, ਸਤਿਗੁਰੂ ਦੂਜੇ ਪਾਤਿਸਾਹ ਜੀ ਦੇ ਚਰਨਕਮਲ ਦੇ ਅੰਗੂਠੇ ਨੂੰ ਮੁਖ 'ਚ ਲੈ ਕੇ ਲਹੂ ਪਾਕ ਬਾਹਰ ਸੁੱਟ ਔਂਦੇ।

ਹਰਿਹਾਂ, ਮਸਤਕਿ ਹੋਵੈ ਭਾਗੁ; ਤ ਸਾਜਨੁ ਪਾਈਐ॥੨॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਜੇ (ਮਸਤਕਿ) ਮੱਥੇ 'ਤੇ (ਮਸਤਕਿ) ਸ੍ਰੋਮਣੀ ਉੱਤਮ ਭਾਗੁ (ਹੋਵੈ) ਹੋਣ, (ਤ) ਤਾਂ (ਸਾਜਨੁ) ਮਿੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ (ਪਾਈਐ) ਪਾਈਦੇ ਹਨ।

ਕਾੱਜਲ– ਸਖੀ. ਕਾਜਲ ਹਾਰ ਤੰਬੋਲ; ਸਭੈ ਕਿਛੁ ਸਾਜਿਆ॥

ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ; ਤੇਹਾ ਕਰੀ ਸੀਗਾਰੁ॥੧॥ ਅਨੁਸਾਰ ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਸਾਹਿਬ ਜੀ ਆਦਿ ਉੱਤਮ ਗੁਰਮੁਖਿ (ਸਖੀ) ਸਹੇਲੀਓ! ਦਾਸਨਦਾਸੀ ਨੇ ਪਤੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਸੰਨਤਾ ਲਈ ਸ਼ੁਭ ਗੁਣਾਂ ਦੇ (ਸਭੈ) ਸੱਭ (ਕਿਛੁ) ਕੁੱਝ ਭਾਵ ਸਾਰੇ ਸਾਧਨ ਰੂਪੀ ਸਿੰਗਾਰ (ਸਾਜਿਆ) ਸਜਾਏ ਹਨ। ਦਾਸਨਦਾਸੀ ਨੇ ਅਪਨੇ ਅੱਖਾਂ ਵਿਚ ਸੱਚੇ ਸਤਿਗੁਰੂ ਸਾਹਿਬ ਜੀ ਦੀ ਸਿੱਖਿਆ ਰੂਪੀ ਸਲਾਈਆਂ ਨਾਲ ਮਨ ਤੇ ਬੁੱਧ ਨੇਤ੍ਰਾਂ ਵਿੱਚ ਬ੍ਰਹਮਗਿਆਨ ਦਾ (ਕਾਜਲ) ਸੁਰਮਾ ਪਾਇਆ ਹੈ। ਯਥਾ:- ਗਿਆਨ ਅੰਜਨੁ. ਗੁਰਿ ਦੀਆ; ਅਗਿਆਨ ਅੰਧੇਰ ਬਿਨਾਸੁ॥) ਗੁਰ ਗਿਆਨ ਅੰਜਨੁ ਸਚੁ; ਨੇਤ੍ਰੀ ਪਾਇਆ॥ ਗਲ਼ ਵਿਚ ਨਿਮ੍ਰਤਾ, ਗ੍ਰੀਬੀ, ਸਹਿਣਸ਼ੀਲਤਾ, ਖਿਮਾ ਆਦਿ ਸ਼ੁਭ ਗੁਣਾਂ ਰੂਪੀ ਹਾਰ ਪਾਇਆ ਹੈ। ਅਪਣੇ ਰਿਦੇ ਵਿੱਚ ਪਤੀ ਵਾਹਿਗੁਰੂ ਜੀ ਦਾ ਪਵਿੱਤ੍ਰ ਨਾਮ ਗੁਰਬਾਣੀ ਜੀ ਟਿਕਾ ਕੇ ਰੱਖੇ ਹਨ, ਜਿਸ ਦੁਆਰਾ ਦਾਸਨਦਾਸੀ ਹਰ ਸੁਆਸ ਹਰ ਪਲ ਸਿਮਰਦੀ ਹੈ ਅਤੇ ਮਿੱਠਾ ਬੋਲਣ ਰੂਪੀ (ਤੰਬੋਲ) ਪਾਨਾਂ ਦਾ ਬੀੜਾ

ਮੁੱਖ ਵਿੱਚ ਰੱਖਿਆ ਹੈ। ਯਥਾ:- ਹਿਰਦੈ ਸਮ੍ਾਲੈ ਮੁਖਿ ਹਰਿ ਹਰਿ ਬੋਲੈ॥) ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥

ਸੋਲਹ ਕੀਏ ਸੀਗਾਰ; ਕਿ ਅੰਜਨੁ ਪਾਜਿਆ॥

ਦਾਸਨਦਾਸੀ ਨੇ ਇਹ ਵਿਸ਼ੇਸ਼ ਸੋਲਹ[1] ਸੀਗਾਰ (ਕੀਏ) ਕੀਤੇ ਹਨ। (ਕਿ) ਅਤੇ ਮਨ ਬੁੱਧ ਰੂਪੀ ਨੇਤ੍ਰਾਂ 'ਚ ਗੁਰਬਾਣੀ ਜੀ ਦਾ ਸ਼ੁੱਧ ਉਚਾਰਨ, ਅਰਥਾਂ, ਅਤੇ ਬ੍ਰਹਮਗਿਆਨ ਦਾ (ਅੰਜਨੁ) ਸੁਰਮਾ (ਪਾਜਿਆ) ਪਾਇਆ ਹੈ। ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਸੱਚੇ ਨਾਮ ਦੇ ਸੱਚੇ ਦਾਤੇ ਹਨ। ਹਰ ਵੇਲੇ ਗੁਰਸੇਵਕਾਂ ਦੇ ਦਿਲ ਦਿਮਾਗ਼ 'ਚ ਗੁਰਬਾਣੀ, ਰਿਦੇ 'ਚੋਂ ਮੂੰਹ ਅੰਮ੍ਰਿਤ, ਸੁਪਨੇ 'ਚ ਗੁਰਬਾਣੀ ਬਖ਼ਸ਼ਦੇ ਹਨ। ਅਪਣੇ ਸੇਵਕ ਨੂੰ ਬਾਹੋਂ ਫੜ ਕੇ ਅਗਨਿ ਸਾਗਰ ਸੰਸਾਰ ਤੋਂ ਕੱਢਦੇ ਹਨ।

[1]ਸੋਲਾਂ ਸ਼ਿੰਗਾਰ:- [1]ਦਸ ਸਤਿਗੁਰੂ ਸਾਹਿਬਾਨ, ਸਤਿਗੁਰੂ ਗ੍ਰੰਥ ਸਾਹਿਬ ਜੀ ਇੱਕ ਅਕਾਲਪੁਰਖੁ ਪਾਰਬ੍ਰਹਮ ਕਰਕੇ ਮੰਨਣੇ, [2]ਨਿਸ਼ਕਾਮਤਾ ਭਾਵ ਹੰਗਤਾ ਰਹਿਤ ਗੁਰੂ ਸੇਵਾ ਕਰਨੀ, [3]ਸੰਗਤ ਵਿੱਚ ਰਹਿਣਾ, [4]ਮਨ ਕੀ ਮਤ ਤਿਆਗਨੀ, ਪਗੁਰਮਤਿ ਅਪਨੌਣੀ, [6]ਪਰਉਪਕਾਰ ਕਰਨਾ, [7]ਅਨਿਕ ਬਾਰ ਨਮਸਕਾਰਾਂ ਕਰਨੀਆਂ, [8]ਡੰਡਉਤਾਂ ਕਰਣੀਆਂ, [9]ਸੰਥਾ, ਕਥਾ, ਕੀਰਤਨ, ਸ਼ਸਤ੍ਰ ਵਿੱਦਿਆ ਸਿੱਖਣੀ ਅਤੇ ਸਿੱਖੌਣੀ, [10]ਗ੍ਰੀਬੀ ਧਾਰਨੀ, [11]ਹੰਗਤਾ ਤਿਆਗਨੀ, [12]ਮਿੱਠਾ ਬੋਲਣਾ, [13]ਖਿਮਾ ਕਰਨੀ [14]ਸਮਦ੍ਰਿਸ਼ਟੀ ਰੱਖਣੀ, [15]ਸਹਣਸੀਲਤਾ ਰੱਖਣੀ [16]ਥੋੜਾ ਖਾਣਾ ਥੋੜਾ ਸੌਣਾ ਥੋੜਾ ਬੋਲਣਾ। ਯਥਾ:- ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।

ਹੋਰ ਸੋਲਾਂ ਸ਼ਿੰਗਾਰ:- ਤਿੰਨਾਂ ਗੁਣਾਂ ਤੋਂ ਨਿਰਲੇਪ ਰਹਿਣਾ, ਲੋਕ ਤੇ ਪ੍ਰਲੋਕ ਸਫਲੇ ਕਰ ਲੈਣੇ, ਪੰਜਾਂ ਵਿਕਾਰਾਂ ਵੱਲੋਂ ਬਿਰਤੀ ਮੋੜ ਲੈਣੀ, ਚਾਰ ਸਾਧਨਾਂ (ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ) ਵਿਚ ਦ੍ਰਿੜ ਹੋਨਾ, ਮਨ ਅਤੇ ਬੁੱਧ ਵਾਹਿਗੁਰੂ ਜੀ ਦੇ ਪ੍ਰੇਮ 'ਚ ਸਨਿਗਧ ਕਰ ਲੈਣੇ।

ਜੇ ਘਰਿ ਆਵੈ ਕੰਤੁ; ਤ ਸਭੁ ਕਿਛੁ ਪਾਈਐ॥

ਹੇ ਗੁਰਮੁਖਿ ਸਖੀ ਸਹੇਲੀਓ! (ਜੇ) ਜੇਕਰ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥) ਰੋਮ ਰੋਮ.ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ; ਦੇ ਪ੍ਰਗਟ ਸਰੂਪ, ਸਭਨਾਂ ਦੇ ਸਾਜਕ ਪ੍ਰਕਾਸ਼ਕ ਪ੍ਰੇਰਕ (ਕੰਤੁ) ਪਤੀ ਸਤਿਗੁਰੂ ਗ੍ਰੰਥ ਸਾਹਿਬ ਜੀ ਰਿਦੇ ਰੂਪੀ ਘਰਿ 'ਚ (ਆਵੈ) ਔਣ, (ਤ) ਤਾਂ (ਸਭੁ) ਸਾਰਾ (ਕਿਛੁ) ਕੁੱਛ (ਪਾਈਐ) ਪਾਈਦਾ ਹੈ। ਯਥਾ:- ਸਭੇ ਥੋਕ ਪਰਾਪਤੇ; ਜੇ ਆਵੈ ਇਕੁ ਹਥਿ॥ ਜਨਮੁ ਪਦਾਰਥੁ ਸਫਲੁ ਹੈ; ਜੇ ਸਚਾ

ਸਬਦੁ ਕਥਿ॥) ਮਃ ੫॥ ਹਭੇ ਟੋਲ ਸੁਹਾਵਣੇ; ਸਹੁ ਬੈਠਾ, ਅੰਙਣੁ ਮਲਿ॥ ਪਹੀ. ਨ ਵੰਞੈ ਬਿਰਥੜਾ; ਜੋ ਘਰਿ ਆਵੈ ਚਲਿ॥੨॥

ਹਰਿਹਾਂ. ਕੰਤੈ ਬਾਝੁ ਸੀਗਾਰੁ; ਸਭੁ ਬਿਰਥਾ ਜਾਈਐ॥੩॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਸੱਚੇ ਸ੍ਰਬ ਵਿਆਪੀ ਪਤੀ (ਹਰਿਹਾਂ) (ਹਰਿ+ਹਾਂ) (ਹਰਿ) ਪ੍ਰਕਾਸ਼ ਸਰੂਪ ਸਤਿਗੁਰੂ ਗ੍ਰੰਥ ਸਾਹਿਬ ਜੀ ਸਦਾ ਰਹਿਣ ਵਾਲੇ (ਹਾਂ) ਹਨ। ਯਥਾ:- ਸਤਿਗੁਰੁ ਮੇਰਾ ਸਦਾ ਸਦਾ; ਨਾ ਆਵੈ ਨਾ ਜਾਇ॥ ਐਸੇ ਨਿਰਮਲ ਸੱਚੇ ਸੁਖ ਸਰੂਪ (ਕੰਤੈ) ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਤੋਂ (ਬਾਝੁ) ਬਿਨਾ ਸੋਨਾ ਹੀਰੇ ਜਵਾਹਰਾਤ, ਸੋਹਣੇ ਬਸਤ੍ਰ ਪਹਿਨਣ ਆਦਿ ਸਭੁ (ਸੀਗਾਰੁ) ਸ਼ਿੰਗਾਰ (ਬਿਰਥਾ) ਵਿਅਰਥ (ਜਾਈਐ) ਜਾਂਦੇ ਹਨ। ਯਥਾ:- ਮਃ ੩॥ ਕਾਜਲ ਫੂਲ ਤੰਬੋਲ ਰਸੁ; ਲੇ ਧਨ ਕੀਆ ਸੀਗਾਰੁ॥ ਸੇਜੈ ਕੰਤੁ ਨ ਆਇਓ; ਏਵੈ ਭਇਆ ਵਿਕਾਰੁ॥੨॥) ਲਖ ਸੀਗਾਰ ਬਣਾਇਆ; ਕਾਰਜਿ ਨਾਹੀ ਕੇਤੁ॥

ਜਿਸੁ ਘਰਿ ਵਸਿਆ ਕੰਤੁ; ਸਾ ਵਡਭਾਗਣੇ॥

ਜਿਸੁ ਗੁਰਮੁਖਿ ਸਖੀ ਦੇ ਪ੍ਰੇਮਾ ਭਗਤੀ 'ਚ ਭਿੱਜੇ ਹੋਇ ਰਿਦੇ ਰੂਪੀ ਘਰਿ ਭਾਵ ਰੋਮ ਰੋਮ 'ਚ ਵਿਆਪਕ (ਕੰਤੁ) ਪਤੀ ਸਤਿਗੁਰੂ ਗ੍ਰੰਥ ਸਾਹਿਬ ਜੀ (ਵਸਿਆ) ਵਸੇ ਹਨ ਭਾਵ ਅੰਦਰ ਬਾਹਰ ਅਪਨਾ ਜਾਪ ਕਰਦੇ ਸਾਖਿਆਤ ਹਨ। (ਸਾ) ਉਹ ਗੁਰਮੁਖਿ ਸਖੀ ਬਿਅੰਤ ਬ੍ਰਹਮੰਡ 'ਚ ਜੁੱਗੋ ਜੁੱਗ ਸਦਾ ਸਦਾ (ਵਡਭਾਗਣੇ) ਵੱਡੇ ਭਾਗਾਂ ਵਾਲੀ ਹੈ। ਜਿਵੇਂ ਉੱਤਮ ਸਖੀ ਅਮਰ ਸ਼ਹੀਦ, ਸੂਰਬੀਰ; ਬਚਨ ਕੇ ਬਲੀ॥ ਭਾਈ ਸਾਹਿਬ ਭਾਈ ਮਤੀਦਾਸ ਸਾਹਿਬ ਜੀ ਸ਼ਹੀਦੀ ਦਿੰਦੇ ਹੋਏ, ਅਪਨੇ ਅਮੋਲਕ ਰਸਨਾਂ ਤੋਂ ਗੌਂਦੇ, "ਰੋਮ ਰੋਮ ਵਿੱਚ ਮੈਂਕੜੇ, ਵਸਿਆ ਪ੍ਰੀਤਮ ਆਪ। ਆਰਾ ਮੈਨੂੰ ਭਾਉਂਦਾ, ਧਰਮ ਛੱਡਣਾ ਪਾਪ। ਟੁਕੜੇ ਇਸ ਸਰੀਰ ਦੇ, ਕਰੋ ਜੇ ਲੱਖ ਕ੍ਰੋੜ। ਤਾਂ ਭੀ ਧਰਮ ਨਾ ਛੱਡ ਸਾਂ, ਦੀਨ ਤੇਰਾ ਨਹੀਂ ਲੋੜ। ਆਰਾ ਪਿਆਰਾ ਲਗਤ ਹੈ, ਕਾਰਾ ਕਰਉ ਬਨਾਇ। ਸਿਰ ਜਾਇ ਤ ਜਾਇ, ਮੇਰਾ ਸਿੱਖੀ ਸਿਦਕ ਨ ਜਾਇ।" ਇਉਂ ਬਿਅੰਤ ਗੁਰੂ ਪਿਆਰਿਆਂ ਨੂੰ, ਗੁਰੂ ਪ੍ਰਮੇਸਰ ਜੀ 'ਤੇ ਪੂਰਨ ਪ੍ਰੀਤ ਪ੍ਰਤੀਤ ਸੀ, ਹੁਣ ਹੈ, ਸਦਾ ਲਈ ਹੋਵੇਗੀ, ਜਿਸ ਕਰਕੇ ਪੂਰੇ ਗੁਰੂ ਸਾਹਿਬ ਜੀ ਤੋਂ ਅਪਨਾ ਤਨ ਮਨ ਧਨ ਕੁਰਬਾਨ ਕੀਤੇ ਜੀ ਰਾਮ ਜੀ!

ਤਿਸੁ ਬਣਿਆ ਹਭੁ ਸੀਗਾਰੁ; ਸਾਈ ਸੋਹਾਗਣੇ॥

ਤਿਸੁ ਉੱਤਮ ਗੁਰਮੁਖਿ ਸਖੀ ਦਾ (ਹਭੁ) ਸਾਰੇ (ਸੀਗਾਰੁ) ਸ਼ਿੰਗਾਰ ਸੋਭਨੀਕ (ਬਣਿਆ) ਬਣ ਗਏ। ਉਹ ਹੀ (ਸਾਈ) ਮਾਲਕ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ (ਸੋਹਾਗਣੇ) ਸੋਹਾਗ ਵਾਲੀ ਹੈ। ਜਿਵੇਂ ਅਮਰ

ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ, ਸ਼ਹੀਦ ਭਾਈ ਮਨੀ ਸਿੰਘ ਸਾਹਿਬ ਜੀ, ਸੰਤੋਖੀ ਭਾਈ ਮਲਾਗਰ ਸਿੰਘ ਸਾਹਿਬ ਜੀ।

ਪਰਮਪੂਜਨੀਕ ਸ਼ਹੀਦ ਬਾਬਾ ਤਾਰੂ ਸਿੰਘ ਸਾਹਿਬ ਜੀ:- ਧਰਮ ਕੇ ਹੇਤ ਸ੍ਰੀਰ ਮੇਰਾ, ਧਰਮ ਪਾਲ ਕੇ, ਖ਼ਾਕ ਕੇ ਸਾਥ ਮਿਲੇਗਾ। ਧਰਮ 'ਤੇ ਚਿੱਤ ਅਡੋਲ ਖੜ੍ਹਾ, ਬ੍ਰਹਮੰਡ ਹਿਲੇ ਪਰ ਇਹ ਨ ਹਿਲੇਗਾ। ਸਾਜੋ ਸਮਾਨ ਤ੍ਰਿਲੋਕੀ ਕੋ ਰਾਜ, ਕੁਬੇਰ ਕੀ ਮਾਇਆ ਕਾ ਦੁਆਰ ਖੁੱਲੇਗਾ। ਏਤੀ ਬਿਭੂਤੀ ਕੋ ਦੇਖ, ਕਦੰਚ ਨ, ਤਾਰੂ ਸਿੰਘ ਕਾ ਚਿੱਤ ਡੁੱਲੇਗਾ। ਬਿਲਾਵਲੁ ਮਹਲਾ ੫॥ ਮ੍ਹਾ; ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥ ਤੋਰੀ. ਨ ਤੂਟੈ, ਛੋਰੀ. ਨ ਛੂਟੈ; ਐਸੀ ਮਾਧੋ ਖਿੰਚ ਤਨੀ॥੧॥ ਦਿਨਸੁ ਰੈਨਿ ਮਨ ਮਾਹਿ ਬਸਤੁ ਹੈ; ਤੂ ਕਰਿ ਕਿਰਪਾ ਪ੍ਰਭ ਅਪਨੀ॥੨॥ ਬਲਿ ਬਲਿ ਜਾਉ. ਸਿਆਮ ਸੁੰਦਰ ਕਉ; ਅਕਥ ਕਥਾ ਜਾ ਕੀ ਬਾਤ ਸੁਨੀ॥੩॥ ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ; ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ॥੪॥੨੮॥੧੧੪॥

ਸੁੱਤੀ, ਅ-ਚਿੰਤ- ਹਉ ਸੁਤੀ. ਹੋਇ ਅਚਿੰਤ; ਮਨਿ ਆਸ ਪੁਰਾਈਆ॥

(ਹਉ) ਦਾਸਨਦਾਸੀ ਅਚਿੰਤ ਹੋਇ ਕੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ 'ਚ ਲੀਣ, ਅਫੁਰ ਸਮਾਧੀ ਰੂਪੀ ਨੀਂਦ 'ਚ ਸੁਤੀ ਹੈ। ਯਥਾ:- ਸੋਇ ਅਚਿੰਤਾ; ਜਾਗਿ ਅਚਿੰਤਾ॥ ਜਹਾ ਕਹਾਂ; ਪ੍ਰਭੁ ਤੂੰ ਵਰਤੰਤਾ॥੨॥ ਸੱਚੇ ਸੁੰਦਰ ਪਤੀ ਵਾਹਿਗੁਰੂ ਜੀ ਦੇ ਸੁੰਦਰ ਦਰਸਨ ਹੋਣ ਤੋਂ ਮਨਿ 'ਚ ਦਰਸਨਾਂ ਦੀ ਆਸ (ਪੁਰਾਈਆ) ਪੂਰੀ ਹੋ ਗਈ ਅਤੇ ਅਨੇਕ ਪ੍ਰਕਾਰ ਦੀ ਆਸ (ਪੁਰਾਈਆ) ਪੂਰੀ ਹੋ ਗਈ ਭਾਵ ਖਤਮ ਹੋ ਗਈ। ਭਾਵ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਹੋਣ ਤੋਂ ਕੋਈ ਆਸ ਨਹੀਂ ਰਹੀ। ਚਾਨਣ ਰੂਪ ਸੱਚੇ ਵਾਹਿਗੁਰੂ ਜੀ ਮਿਲਣ ਤੋਂ ਹਨੇਰ ਰੂਪ ਆਸਾ ਚੁੱਕੀ ਗਈ। ਯਥਾ:- ਪੂਰੀ ਆਸਾ ਜੀ; ਮਨਸਾ ਮੇਰੇ ਰਾਮ॥

ਹਰਿਹਾਂ. ਜਾ ਘਰਿ ਆਇਆ ਕੰਤੁ; ਤ ਸਭੁ ਕਿਛੁ ਪਾਈਆ॥੪॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਜਾ) ਜਿਸ (ਘਰਿ) ਰਿਦੇ 'ਚ (ਕੰਤੁ) ਪਤੀ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ (ਆਇਆ) ਆਏ ਹਨ। (ਤ) ਤਾਂ ਉਸ ਵਡਭਾਗਣ ਗੁਰਸਿੱਖ ਸਖੀ ਨੇ ਸਭੁ ਕਿਛੁ (ਪਾਈਆ) ਪਾ ਲਿਆ ਹੈ। ਯਥਾ:- ਕਹੁ ਨਾਨਕ; ਜਿਨਿ ਠਾਕੁਰੁ ਪਾਇਆ॥ ਸਭੁ ਕਿਛੁ; ਤਿਸ ਕੇ ਗ੍ਰਿਹ ਮਹਿ ਆਇਆ॥੪॥੨॥੧੭॥

ਇਤੀ ਪੋਲਾ - ਆਸਾ ਇਤੀ, ਆਸਕਿ; ਆਸ ਪੁਰਾਈਐ॥

ਹੇ ਮੇਰੇ ਸੁੰਦਰ ਗਹਿਰ ਗੰਭੀਰ ਲਾਲ॥ ਵਾਹਿਗੁਰੂ ਜੀ! ਦਾਸਨਦਾਸੀ ਆਪ ਜੀ ਦੀ (ਆਸਕਿ) ਪ੍ਰੇਮਣ, ਆਪ ਜੀ ਦੇ ਦਰਸਨਾਂ 'ਤੇ ਮੋਹਿਤ ਹੋ ਕੇ ਆਪ ਜੀ ਦੇ ਵਸੀਕਾਰ ਹੋਈ ਹੈ। ਆਪ ਜੀ ਦੇ ਦਰਸਨਾਂ ਦੀ

(ਇਤੀ) ਬਹੁਤੀ (ਆਸਾ) ਆਸ ਹੈ। ਤਰਸ ਕਰਕੇ ਅਪਣੇ ਮਹਾਂ ਵਿਸਮਾਦ ਅਲੌਕਿਕ ਦਰਸਨ ਬਖ਼ਸ਼ ਕੇ, ਇਸ ਨਿਮਾਣੀ ਨਿਤਾਣੀ ਪ੍ਰੇਮਣ ਦੀ ਆਸ (ਪੁਰਾਈਐ) ਪੂਰੀ ਕਰੋ ਜੀ। ਐਸੀ ਮਿਹਰ ਕਰੋ ਕਿ ਸਭ ਘਟਾਂ 'ਚੋਂ ਆਪ ਜੀ ਦਾ ਵਿਸਮਾਦ ਨੂਰ ਹੀ ਨੂਰ ਦਿਸ ਆਵੇ। ਆਪ ਜੀ ਤੋਂ ਇੱਕ ਛਿਨ ਨਾ ਵਿਸਰਾਂ। ਯਥਾ:- ਦਰਸ ਤੇਰੇ ਕੀ ਪਿਆਸ ਮਨਿ ਲਾਗੀ॥) ਦਰਸਨ ਪਿਆਸੀ ਦਿਨਸੁ ਰਾਤਿ; ਚਿਤਵਉ ਅਨਦਿਨੁ ਨੀਤ॥ ਖੋਲਿ੍ ਕਪਟ. ਗੁਰਿ ਮੇਲੀਆ; ਨਾਨਕ ਹਰਿ ਸੰਗਿ ਮੀਤ॥੧॥) ਗੁਰਮੁਖਿ ਸਚੀ ਆਸਕੀ; ਜਿਤੁ ਪ੍ਰੀਤਮੁ ਸਚਾ ਪਾਈਐ॥) ਵਿਛੋੜਾ ਸੁਣੇ ਡੁਖੁ; ਵਿਣੁ ਡਿਠੇ ਮਰਿਓਦਿ॥ ਬਾਝੁ ਪਿਆਰੇ ਆਪਣੇ; ਬਿਰਹੀ ਨਾ ਧੀਰੋਦਿ॥

## ਸਤਿਗੁਰ ਭਏ ਦਇਆਲ; ਤ ਪੂਰਾ ਪਾਈਐ॥

ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਪਾਰਬ੍ਰਹਮ ਭਗਵਾਨ ਦੀਨ ਦਇਆਲ ਸਦਾ ਕਿਰਪਾਲ॥) ਮਿਹਰਵਾਨੁ; ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥ਰਹਾਉ॥ ਅੰਤਰਜਾਮੀ ਸਮਰੱਥ ਸੁਆਮੀ, ਪਾਰਬ੍ਰਹਮ ਪੂਰਨ ਬ੍ਰਹਮ, ਆਦਿ ਅੰਤਿ; ਏਕੈ ਅਵਤਾਰਾ॥ ਸੋਈ ਗੁਰੂ; ਸਮਝਿਯਹੁ ਹਮਾਰਾ॥੩੮੫॥ ਧੰਨ ਸਾਹਿਬ ਸ੍ਰੀ ਸਤਿਗੁਰੂ ਗ੍ਰੰਥ ਸਾਹਿਬ ਜੀ ਸਦਾ ਕ੍ਰਿਪਾਲ ਮਿਹਰਵਾਨ (ਦਇਆਲ) ਦਇਆ ਦੇ ਘਰ ਹਨ। ਪਰਮਪੂਜਨੀਕ ਗ੍ਰੀਬ ਨਿਵਾਜ ਸੱਚੇ ਪਾਤਿਸਾਹ ਜੀ ਦਾ, ਸਰਬੱਤ ਦੇ ਭਲੇ ਦਾ ਗਹਿਰ ਗੰਭੀਰ ਆਸ਼ਾ ਹੈ। ਜਿਹੜਾ ਭੀ ਗੁਰੂ ਸਾਹਿਬ ਜੀ ਦੀ ਸੱਚੀ ਸ਼ਰਨ 'ਚ ਔਂਦਾ ਹੈ, ਉਸ ਦੇ ਔਗੁਣ, ਗੁਨਾਹ, ਵਿਕਾਰ ਮੇਟ ਕੇ, ਅਪਣੇ ਨਿਰਗੁਨ ਨਿਰੰਕਾਰ ਸਰੂਪ ਨਾਮ ਗੁਰਬਾਣੀ ਅਕਾਲਪੁਰਖੁ ਜੀ ਨਾਲ ਜੋੜਦੇ ਹਨ। ਯਥਾ:- ਜੋ ਸਰਣਿ ਆਵੈ. ਤਿਸੁ ਕੰਠਿ ਲਾਵੈ; ਇਹੁ ਬਿਰਦੁ. ਸੁਆਮੀ ਸੰਦਾ॥) ਸੋ ਸਤਿਗੁਰੁ ਵਾਹੁ ਵਾਹੁ; ਜਿਨਿ ਹਰਿ ਸਿਉ ਜੋੜਿਆ॥ ਹੇ ਸਤਿਗੁਰ ਰਾਮਦਾਸ ਸਾਹਿਬ ਜੀਉ! ਆਪ ਜੀ ਦਾਸਨਦਾਸੀ 'ਤੇ ਪੂਰਨ ਦਇਆਲ (ਭਏ) ਹੋਏ ਹੋਂ ਜੀ, ਤਾਂ ਹੀ ਆਪ ਜੀ ਦਾਸਨਦਾਸੀ ਦੇ ਰਿਦੇ, ਰੋਮ ਰੋਮ 'ਚ ਹਰ ਸਮੇਂ ਧੁਰ ਕੇ ਗੁਰਬਾਣੀ ਜੀ ਭੇਜਦੇ ਰਹਿੰਦੇ ਹੋਂ ਜੀ। ਗੁਰਬਾਣੀ ਦੇ ਪ੍ਰਵਾਹ ਦੁਆਰਾ, ਉਮਾਹ ਉਤਸ਼ਾਹ ਬਖ਼ਸ਼ ਕੇ, ਆਪ ਜੀ ਅਪਣੇ ਦਾਸਨਦਾਸੀ ਤੋਂ ਅੰਮ੍ਰਿਤ ਕੀਰਤਨ ਕਥਾ ਕਰੌਂਦੇ ਹੋਂ ਜੀ। ਤ ਹੀ ਦਾਸਨਦਾਸੀ ਨੇ (ਪੂਰਾ) ਪੂਰੇ ਪਰਮਾਤਮਾ ਜੀ (ਪਾਈਐ) ਪੌਣਾ ਕੀਤੇ।

ਬਿਨੈ:- ਜੇਕਰ ਸਤਿਗੁਰੂ ਸਾਹਿਬ ਜੀ ਦਇਆਲ ਹੋਣ, ਅਰਥ ਨਹੀਂ ਕਰਨਾ ਜੀ ਕਿਉਂਕਿ ਸਤਿਗੁਰ ਪਰਮੇਸਰ ਜੀ ਸਦਾ ਦਇਆਲ ਹਨ ਜੀ। ਯਥਾ:- ਤੁਮ੍ ਦਇਆਲ ਕਿਰਪਾਲ ਕ੍ਰਿਪਾਨਿਧਿ; ਪਤਿਤ ਪਾਵਨ ਗੋਸਾਈ॥) ਸਦਾ ਸਦਾ ਸਦਾ ਦਇਆਲ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ॥੮॥੯॥ (੨੭੫)

## ਮੈ ਤਨਿ ਅਵਗਣ ਬਹੁਤੁ; ਕਿ ਅਵਗਣ ਛਾਇਆ॥

ਹੇ ਪਤਿਤ ਪਾਵਨ ਗੋਸਾਈਂ ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀਉ! (ਮੈ) ਦਾਸਨਦਾਸੀ ਦੇ ਤਨਿ 'ਚ ਇਤਨੇ (ਬਹੁਤੁ) ਵਧੀਕ (ਅਵਗਣ) ਔਗੁਣ ਹਨ, ਕਿ ਇਨ੍ਹਾਂ (ਅਵਗਣ) ਔਗੁਣਾਂ ਨੇ ਦਾਸਨਦਾਸੀ ਨੂੰ (ਛਾਇਆ) ਢਕਿਆ ਹੈ। ਯਥਾ:- ਹਮ ਅਵਗੁਣਿ ਭਰੇ. ਏਕੁ ਗੁਣੁ ਨਾਹੀ; ਅੰਮ੍ਰਿਤੁ ਛਾਡਿ. ਬਿਖੈ ਬਿਖੁ ਖਾਈ॥ ਮਾਯਾ ਮੋਹ ਭਰਮ ਪੈ ਭੂਲੇ; ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਇਕੁ ਉਤਮ ਪੰਥੁ. ਸੁਨਿਓ ਗੁਰ ਸੰਗਤਿ; ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ ਅਰਦਾਸਿ ਭਾਟ ਕੀਰਤਿ ਕੀ; ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥

## ਹਰਿਹਾਂ. ਸਤਿਗੁਰ ਭਏ ਦਇਆਲ; ਤ ਮਨੁ ਠਹਰਾਇਆ॥੫॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਨਾਨਕ ਸਾਹਿਬੁ; ਸਦਾ ਦਇਆਲੁ॥੨॥ ਸਦਾ ਦਇਆਲ ਮਿਹਰਵਾਨ ਕ੍ਰਿਪਾਲ (ਸਤਿਗੁਰ) ਸ੍ਰੀ ਗੁਰੂ ਗਰੰਥ ਸਾਹਿਬ ਜੀ ਨਿਮਾਣੀ ਨਿਤਾਣੀ ਦਾਸਨਦਾਸੀ 'ਤੇ ਦਇਆਲ (ਭਏ) ਹੋਏ। (ਤ) ਤਾਂ ਦਾਸਨਦਾਸੀ ਦਾ ਮਨੁ ਜੋ ਵਿਕਾਰਾਂ, ਸੰਸਾਰਿਕ ਧੰਧਿਆਂ 'ਚ ਰਾਤ ਦਿਨੇ ਦੌੜਦਾ ਸੀ, ਹੁਣ ਸਤਿਗੁਰੂ ਗਰੰਥ ਸਾਹਿਬ ਜੀ ਨੇ (ਠਹਰਾਇਆ) ਰੋਕ ਲਿਆ। ਯਥਾ:- ਅਜਬ ਕੰਮ; ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ; ਫੇਰੇ॥) ਸਾਚਾ ਸਾਹਿਬੁ; ਸਦ ਮਿਹਰਵਾਣ॥ ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ; ਹੋਈ ਸਰਬ ਕਲਿਆਣ॥ਰਹਾਉ॥

## ਕਹੁ ਨਾਨਕ ਬੇਅੰਤੁ; ਬੇਅੰਤੁ ਧਿਆਇਆ॥

ਅਪਣੇ ਨਿਰਗੁਨ ਸਰੂਪ ਦੁਆਰਾ ਕੋਟਾਨ ਕੋਟਿ ਸੂਰਜਾਂ ਦੇ ਪ੍ਰਕਾਸ਼ਕ, ਸਤਿਗੁਰੂ ਨਾਨਕ ਪੰਜਵੇਂ ਪਾਤਿਸਾਹ ਜੀ (ਕਹੁ) ਫ਼ੁਰਮੌਂਦੇ ਹਨ:- ਹੇ ਗੁਰਮੁਖਿ ਸਖੀਓ! ਵਾਹਿਗੁਰੂ ਗੋਬਿੰਦ ਨਿਰੰਕਾਰ ਜੀ (ਬੇਅੰਤੁ) ਅੰਤ ਰਹਿਤ ਹਨ। ਯਥਾ:- ਅੰਤ ਨ ਅੰਤਾ. ਸਦਾ ਬੇਅੰਤਾ; ਕਹੁ ਨਾਨਕ. ਊਚੋ ਊਚਾ॥ ਬੇਅੰਤੁ ਹੀ ਸੰਤ ਭਗਤ ਗੁਰਮੁਖਿ ਪਿਆਰੇ, ਬਿਅੰਤ ਬ੍ਰਹਮੰਡ ਤੱਤ ਸੂਰਜ ਚੰਦ ਤਾਰੇ ਮੰਡਲ ਪਸ਼ੂ ਪੰਛੀਆਂ ਨੇ ਅਪਣੀ ਅਪਣੀ ਬੋਲੀ ਅਨੁਸਾਰ ਅਕਾਲਪੁਰਖੁ ਜੀ ਨੂੰ ਬੇਅੰਤੁ ਬੇਅੰਤੁ ਕਰਕੇ ਜਪਿਆ ਧਿਆਇਆ ਹੈ। ਯਥਾ:- ਬਡੇ ਬਡੇ ਮੁਨਿ ਦੇਵਤੇ; ਕਈ ਜੁਗ ਤਿਨੀ ਤਨੁ ਤਾਇਆ॥ ਕਿਨੀ ਤੇਰਾ; ਅੰਤੁ ਨ ਪਾਇਆ॥੨॥) ਅੰਤੁ. ਨ ਪਾਵਤ, ਦੇਵ ਸਬੈ ਮੁਨਿ; ਇੰਦ੍ਰ ਮਹਾ ਸਿਵ ਜੋਗ ਕਰੀ॥) ਕਈ ਕੋਟਿ; ਨਵਤਨ ਨਾਮ ਧਿਆਵਹਿ॥ ਨਾਨਕ ਕਰਤੇ ਕਾ; ਅੰਤੁ ਨ ਪਾਵਹਿ॥੧॥) ਸੇਸਨਾਗ. ਸਿਰ ਸਹਸ ਬਨਾਈ॥ ਦ੍ਵੈ ਸਹੰਸ. ਰਸਨਾਹ ਸੁਹਾਈ॥ ਰਟਤ ਅਬ ਲਗੇ. ਨਾਮ ਅਪਾਰਾ॥ ਤੁਮਰੋ; ਤਊ ਨ ਪਾਵਤ ਪਾਰਾ॥੬॥) ਬਿਅੰਤ ਬਿਅੰਤ ਬਿਅੰਤ ਕੋ

ਕਰੰਤ ਪਾਠ ਪੇਖੀਐ॥੧੯॥੧੨੯॥

ਦੁੱਤ-ਰੁ - ਦੁਤਰੁ ਇਹੁ ਸੰਸਾਰੁ; ਸਤਿਗੁਰੂ ਤਰਾਇਆ॥

ਸਤਿਗੁਰੂ ਹੈ ਬੋਹਿਥਾ; ਵਿਰਲੈ ਕਿਨੈ ਵੀਚਾਰਿਆ॥ ਕਰਿ ਕਿਰਪਾ; ਪਾਰਿ ਉਤਾਰਿਆ॥੧੩॥ ਅਨੁਸਾਰ ਸਾਚੇ ਨਾਮ ਦੀ ਬੇੜੀ ਸਤਿਗੁਰੂ ਗਰੰਥ ਸਾਹਿਬ ਜੀ ਨੇ ਅਪਣੀ ਮਹਾਨ ਕ੍ਰਿਪਾ ਕਰਕੇ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪਾ ਕੇ, ਨਾਮ ਰੂਪੀ ਜਹਾਜ਼ 'ਤੇ ਚਾੜ੍ ਕੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ ਦਿਮਾਗ਼ 'ਚ ਗੁਰਬਾਣੀ ਜੀ ਭੇਜ ਕੇ, ਇਹੁ (ਦੁਤਰੁ) ਕਠਨ ਸੰਸਾਰੁ ਅਗਨਿ ਸਾਗਰ ਤੋਂ (ਤਰਾਇਆ) ਤਰਾ ਦਿਤਾ ਹੈ ਜੀ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਂਹ ਪਕਰਿ; ਸਤਿਗੁਰਿ ਨਿਸਤਾਰਾ॥

ਮਿਟਿਆ ਆਵਾ ਗਉਣੁ; ਜਾਂ ਪੂਰਾ ਪਾਇਆ॥

(ਜਾਂ) ਜਦੋਂ (ਪੂਰਾ) ਪੂਰੇ ਮਿਹਰਵਾਨ ਕ੍ਰਿਪਾਲ ਸਤਿਗੁਰੂ ਗਰੰਥ ਸਾਹਿਬ ਜੀ (ਪਾਇਆ) ਪਾ ਲਏ ਤਾਂ (ਆਵਾ) ਔਣਾ (ਗਉਣੁ) ਜਾਣਾ ਭਾਵ ਜਨਮ ਮਰਣ (ਮਿਟਿਆ) ਮਿਟ ਗਿਆ। ਯਥਾ:- ਆਵਣ ਜਾਣ ਰਹੇ; ਮਿਲੇ ਸਾਧਾ॥) ਹਰਿ ਕੇ ਸੇਵਕ. ਜੋ ਹਰਿ ਭਾਏ; ਤਿਨ੍ ਕੀ ਕਥਾ ਨਿਰਾਰੀ ਰੇ॥ ਆਵਹਿ ਨ ਜਾਹਿ. ਨ ਕਬਹੂ ਮਰਤੇ; ਪਾਰਬ੍ਰਹਮ ਸੰਗਾਰੀ ਰੇ॥੩॥) ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ. ਹਰਿ ਧਿਆਇਆ॥੮॥੨੨॥

ਹਰਿਹਾਂ. ਅੰਮ੍ਰਿਤੁ ਹਰਿ ਕਾ ਨਾਮੁ; ਸਤਿਗੁਰ ਤੇ ਪਾਇਆ॥੬॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਹਰਿ) ਹਰੀ ਅਕਾਲਪੁਰਖੁ ਵਾਹਿਗੁਰੂ ਜੀ (ਕਾ) ਦੇ ਪਰਮਪਵਿੱਤ੍ਰ ਪਰਮਪੂਜਨੀਕ ਅਮੋਲਕ ਸੱਚੇ ਸੁੱਚੇ ਉੱਚੇ ਅੰਮ੍ਰਿਤੁ ਨਾਮੁ ਗੁਰਬਾਣੀ ਜੀ ਪੂਰੇ ਦਇਆਲ ਮਿਹਰਵਾਨ ਸੱਚੇ ਸਤਿਗੁਰ ਗਰੰਥ ਸਾਹਿਬ ਜੀ (ਤੇ) ਤੋਂ (ਪਾਇਆ) ਪਾਏ ਹਨ।

ਆਂਗਨਿ - ਮੇਰੈ ਹਾਥਿ ਪਦਮੁ; ਆਗਨਿ ਸੁਖ ਬਾਸਨਾ॥

(ਮੇਰੈ) ਦਾਸਨਦਾਸੀ ਦੇ ਮਨ ਚਿੱਤ (ਹਾਥਿ) ਹੱਥ 'ਚ ਸਤਿਗੁਰੂ ਗਰੰਥ ਸਾਹਿਬ ਜੀ ਦੀ ਕ੍ਰਿਪਾ ਨਾਲ ਸੁੰਦਰ (ਪਦਮੁ) ਕਮਲ ਵਾਂਗ ਨਿਰਲੇਪ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਪ੍ਰਾਪਤ ਹੋਏ। ਪ੍ਰਾਪਤੀ ਹੋਣ ਤੋਂ ਰੋਮਾਵਲੀ ਖੜ੍ਹੀ ਹੋ ਗਈ, ਰੋਮ ਰੋਮ 'ਚ ਇੱਕ ਰਸ ਵਿਸਮਾਦ ਨਿਰੰਕਾਰੀ ਝਲਕ ਪ੍ਰਕਾਸ਼ ਪਇਆ, ਜਿਸ ਨਾਲ ਦਾਸਨਦਾਸੀ ਦਾ ਰਿਦਾ ਰੂਪੀ (ਆਗਨਿ) ਵੇਹੜਾ ਸੱਚੇ ਨਾਮ ਅੰਮ੍ਰਿਤ ਦੇ ਸੁਖ ਨਾਲ (ਬਾਸਨਾ) ਵਸਣਾ ਹੋਇਆ। ਪ੍ਰਭੂ ਜੀ ਦੇ ਪਿਆਰ ਦੀ (ਬਾਸਨਾ) ਸੁਗੰਧੀ ਨਾਲ ਸੁਗੰਧਤ ਹੋ ਗਿਆ। ਯਥਾ:- ਸੁਹਾਗੁ

ਹਮਾਰੋ ਅਬ ਹੁਣਿ ਸੋਹਿਓ॥ ਕੰਤੁ ਮਿਲਿਓ; ਮੇਰੋ ਸਭੁ ਦੁਖੁ ਜੋਹਿਓ॥ ਆਂਗਨਿ ਮੇਰੈ ਸੋਭਾ ਚੰਦ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ॥੨॥

ਸਖੀ ਮੋਰੈ ਕੰਠਿ ਰਤੰਨੁ; ਪੇਖਿ ਦੁਖੁ ਨਾਸਨਾ॥

ਹੇ ਗੁਰਮੁਖਿ ਸਖੀ ਜੀ! ਗੁਰਪ੍ਰਸਾਦਿ (ਮੋਰੈ) ਦਾਸਨਦਾਸੀ ਦੇ (ਕੰਠਿ) ਗਲ਼ 'ਚ (ਰਤੰਨੁ) ਰਤਨ ਰੂਪ ਨਿਰਮੋਲਕ ਗੁਰਸਬਦਾਂ ਦਾ ਹਾਰ ਹੈ। ਯਥਾ:- ਰਤਨ ਜਵੇਹਰ ਲਾਲ ਹਰਿ; ਕੰਠਿ ਤਿਨਾ ਜੜੀਆਹ॥) ਕੰਠ ਰਮਣੀਯ, ਰਾਮ ਰਾਮ ਮਾਲਾਂ; ਹਸਤਊਚ ਪ੍ਰੇਮ ਧਾਰਣੀ॥ ਵੈਰਾਗ ਤੇ ਵਿਵੇਕ ਰੂਪੀ ਅੱਖਾਂ ਨਾਲ ਸਤਿਗੁਰੂ ਜੀ ਦੇ ਸੁੰਦਰ ਦਰਸਨ (ਪੇਖਿ) ਦੇਖ ਕੇ ਦਾਸਨਦਾਸੀ ਦੇ ਜਨਮਾਂ ਜਨਮਾਂ ਦੇ ਦੁਖੁ (ਨਾਸਨਾ) ਨੱਸ ਗਏ। ਯਥਾ:- ਦਰਸਨੁ ਦੇਖਤ; ਦੋਖ ਨਸੇ॥

ਬਾਸਉ ਸੰਗਿ ਗੁਪਾਲ; ਸਗਲ ਸੁਖ ਰਾਸਿ ਹਰਿ॥

ਹਰਿ ਕੇ ਸੰਗ; ਬਸੇ ਹਰਿ ਲੋਕ॥ ਅਨੁਸਾਰ ਹੁਣ ਦਾਸਨਦਾਸੀ ਸਦਾ ਹੀ (ਸਗਲ) ਸਾਰੇ (ਸੁਖ) ਸੁਖਾਂ ਦੇ (ਰਾਸਿ) ਖ਼ਜ਼ਾਨੇ (ਹਰਿ) ਹਰੀ ਨਿਰਗੁਨ ਨਿਰੰਕਾਰ ਗੁਪਾਲ ਜੀ ਦੇ ਸੰਗਿ (ਬਾਸਉ) ਵਸਦੀ ਹੈ।

ਹਰਿਹਾਂ. ਰਿਧਿ ਸਿਧਿ ਨਵਨਿਧਿ; ਬਸਹਿ ਜਿਸੁ ਸਦਾ ਕਰਿ॥੭॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਦੀਨ ਦਇਆਲ ਕ੍ਰਿਪਾਲ ਸੁਖ ਸਾਗਰ; ਸਰਬ ਘਟਾ ਭਰਪੂਰੀ ਰੇ॥ ਅਨੁਸਾਰ ਐਸੇ ਦਇਆਲ ਕ੍ਰਿਪਾਲ ਕ੍ਰਿਪਾਨਿਧਿ ਸਤਿਗੁਰੂ ਸਾਹਿਬ ਜੀ ਦਾਸਨਦਾਸੀ ਨੂੰ ਮਿਲੇ ਹਨ, (ਜਿਸੁ) ਜਿਨ੍ਹਾਂ ਦੇ ਪਰਮਪਵਿੱਤ੍ਰ (ਕਰਿ) ਹਸਤ ਕਮਲਾਂ 'ਚ ਸਾਰੀਆਂ (ਰਿਧਿ) ਰਿਧੀਆਂ (ਸਿਧਿ) ਸਿੱਧੀਆਂ (ਨਵਨਿਧਿ) ਨੌ ਨਿਧੀਆਂ ਸਦਾ (ਬਸਹਿ) ਵਸਦੀਆਂ ਹਨ। ਯਥਾ:- ਸਭ ਨਿਧਾਨ. ਦਸ ਅਸਟ ਸਿਧਾਨ; ਠਾਕੁਰ ਕਰ ਤਲ ਧਰਿਆ॥) ਰਤਨੁ ਜਵੇਹਰੁ ਲਾਲੁ ਹਰਿ ਨਾਮਾ; ਗੁਰਿ ਕਾਢਿ ਤਲੀ ਦਿਖਲਾਇਆ॥

ਪਰ ਤ੍ਰਿਅ ਰਾਵਣਿ ਜਾਹਿ; ਸੇਈ ਤਾਲਾਜੀਅਹਿ॥

ਜਿਹੜੇ ਮਨਮੁਖ ਸੱਚੇ ਸਤਿਗੁਰੂ ਸਾਹਿਬ ਜੀ ਦੀ ਸੱਚੀ ਸੁੱਚੀ ਉੱਚੀ ਘਾਲ ਕਮਾਈ ਭੁਲਾ ਕੇ, (ਪਰ) ਪਰਾਈ (ਤ੍ਰਿਅ) ਇਸਤ੍ਰੀ ਅਥਵਾ ਪਰਾਏ ਪੁਰਖਾਂ ਨਾਲ (ਰਾਵਣਿ) ਭੋਗ ਕਰਨ (ਜਾਹਿ) ਜਾਂਦੇ ਹਨ, (ਸੇਈ) ਓਹੁ ਇਸ ਲੋਕ 'ਚ ਏਡਜ਼ ਆਦਿ ਰੋਗਾਂ ਦੀ ਅੱਗ ਅੰਦਰ ਅਤੇ ਨਰਕ 'ਚ ਤੱਤੇ ਤੇਲ ਦੇ ਕੜਾਹਿਆਂ 'ਚ (ਤਾਲਾਜੀਅਹਿ) ਤਲੇ ਜਾਂਦੇ ਹਨ। ਯਥਾ:- ਬਿਸਾਰਿ ਹਰਿ ਜੀਉ, ਬਿਖੈ ਭੋਗਹਿ; ਤਪਤ ਥੰਮ ਗਲਿ ਲਾਇ॥) ਗੁਰਮੁਖ ਗਾਡੀ ਰਾਹੁ ਚਲੰਦਾ॥੧੧॥ ਨੂੰ ਛੱਡ ਕੇ ਵਿਕਾਰਾਂ 'ਚ ਪੈ ਕੇ, (ਤਾ+ਲਾਜੀਅਹਿ) (ਤਾ)

ਫਿਰ ਓਹੁ ਪਰ ਗ੍ਰਿਹ ਵਿਕਾਰੀ, ਲੋਕ ਅਤੇ ਪ੍ਰਲੋਕ 'ਚ (ਲਾਜੀਅਹਿ) ਲੱਜਿਆ ਨੂੰ ਪ੍ਰਾਪਤ ਹੁੰਦੇ ਹਨ।

ਹਿਰ-ਹਿ, ਢਾਕੀ-ਅਹਿ- ਨਿਤਪ੍ਰਤਿ ਹਿਰਹਿ ਪਰ ਦਰਬੁ; ਛਿਦ੍ਰ ਕਤ ਢਾਕੀਅਹਿ॥

ਜਿਹੜੇ (ਨਿਤਪ੍ਰਤਿ) ਨਿਤਾਪ੍ਰਤੀ (ਪਰ) ਪਰਾਇਆ (ਦਰਬੁ) ਧਨ (ਹਿਰਹਿ) ਚੁਰੌਂਦੇ ਹਨ। ਉਨ੍ਹਾਂ ਦੇ ਬਿਅੰਤ (ਛਿਦ੍ਰ) ਗੁਨਾਹ, ਔਗੁਣ, ਪਾਪ (ਕਤ) ਕਿਵੇਂ (ਢਾਕੀਅਹਿ) ਢੱਕੀਏ? ਭਾਵ ਸੱਚੇ ਨਿਰਮਲ ਪਤਿਤ ਪਾਵਨ ਗੋਸਾਂਈਂ ਸਤਿਗੁਰੂ ਗਰੰਥ ਸਾਹਿਬ ਜੀ ਦੀ ਸੱਚੀ ਸਰਨ ਪਏ ਬਿਨਾ, ਲੋਕ ਪ੍ਰਲੋਕ 'ਚ ਪਾਪ ਪ੍ਰਗਟ ਹੋ ਜਾਂਦੇ। ਫਿਰ ਲੋਕ ਲੱਜਿਆ, ਕਾਨੂੰਨੀ ਸਜਾਵਾਂ ਅਤੇ ਜਮ ਡੰਡ ਮਿਲਦੇ। ਯਥਾ:- ਅਨਿਕ ਪੜਦੇ ਮਹਿ; ਕਮਾਵੈ ਵਿਕਾਰ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ॥ (ਤੱਕਹਿ) ਪਉੜੀ ੫॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ. ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

ਤਾਰ-ਈ- ਹਰਿ ਗੁਣ ਰਮਤ ਪਵਿਤ੍ਰ; ਸਗਲ ਕੁਲ ਤਾਰਈ॥

ਜਿਹੜੇ ਗੁਰਮੁਖਿ ਹਰੀ ਜਨ, ਦਿਨ ਰਾਤ ਪਵਿੱਤ੍ਰ (ਹਰਿ) ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਦੇ ਪਵਿਤ੍ਰ ਉੱਜਲ ਨਿਰਮਲ (ਗੁਣ) ਗੁਣਾਂ ਨੂੰ (ਰਮਤ) ਉਚਾਰਦੇ ਹਨ। ਭਾਵ ਜਪ ਜਪ ਕੇ ਸ੍ਰਬ ਵਿਆਪੀ (ਰਮਤ) ਰਮੇ ਹੋਏ ਅਕਾਲਪੁਰਖੁ ਵਾਹਿਗੁਰੂ ਜੀ 'ਚ (ਰਮਤ) ਲੀਣ ਹੋ ਜਾਂਦੇ ਹਨ। ਉਹ ਅਪਣੇ (ਸਗਲ) ਸਾਰੇ ਕੁਲ ਅਥਵਾ (ਕੁਲ) ਸਾਰੇ ਜੀਆਂ, ਅਤੇ ਅਪਣੀ ਸਤਸੰਗਤ ਕਰਨ ਵਾਲੇ (ਕੁਲ) ਸਾਰਿਆਂ ਨੂੰ (ਤਾਰਈ) ਤਰ ਲੈਂਦੇ ਹਨ। ਯਥਾ:- ਰਾਮ ਜਪਉ ਜੀਅ; ਐਸੇ ਐਸੇ॥ ਧ੍ਰੂ ਪ੍ਰਹਿਲਾਦ; ਜਪਿਓ ਹਰਿ ਜੈਸੇ॥੧॥ ਦੀਨ ਦਇਆਲ; ਭਰੋਸੇ ਤੇਰੇ॥ ਸਭੁ ਪਰਵਾਰੁ; ਚੜਾਇਆ ਬੇੜੇ॥੧॥ਰਹਾਉ॥) ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥

ਹਰਿਹਾਂ. ਸੁਨਤੇ ਭਏ ਪੁਨੀਤ; ਪਾਰਬ੍ਰਹਮੁ ਬੀਚਾਰਈ॥੮॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਜਿਹੜੇ ਉੱਤਮ ਗੁਰਮੁਖਿ ਜਨ ਰੋਮ ਰੋਮ ਦੇ ਕੰਨਾਂ ਨਾਲ, ਸ਼ਰਧਾ ਤੇ ਵਿਸ਼ਵਾਸ਼ ਸਹਿਤ (ਪਾਰਬ੍ਰਹਮੁ) ਸਰਬ ਵਿਆਪੀ ਸਰਬ ਦਾ ਅਧਾਰ ਹੁੰਦਿਆਂ ਆਪ ਨਿਰਾਧਾਰ, ਸਰਬ ਪ੍ਰਕਾਸ਼ਕ ਹੁੰਦਿਆਂ ਆਪ ਸੁਤੇ ਪ੍ਰਕਾਸ਼ ਸਰੂਪ, ਅਨਤ ਕਲਾਵਾਨ ਸਦ ਸਦਾ ਮੇਹਰਵਾਨ ਨਿਰਗੁਨ ਪਾਰਬ੍ਰਹਮ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਗੁਰਸਬਦ (ਸੁਨਤੇ) ਸੁਣਦੇ ਹਨ, ਗੁਰਬਾਣੀ ਜੀ ਨੂੰ (ਬੀਚਾਰਈ) ਵੀਚਾਰਦੇ ਹਨ, ਓਹੁ (ਪੁਨੀਤ) ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ ਪਾਰਬ੍ਰਹਮ ਸਰੂਪ (ਭਏ)

ਹੋ ਗਏ ਹਨ। ਯਥਾ:- ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥) ਬਾਣੀ ਬਿਰਲਉ ਬੀਚਾਰਸੀ; ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ; ਨਿਜ ਘਰਿ ਵਾਸਾ ਹੋਇ॥ ੪੦॥

ਊਪਰਿ ਬਨੈ ਅਕਾਸੁ; ਤਲੈ ਧਰ ਸੋਹਤੀ॥

ਅਰਥ ੧:- ਸੱਚੇ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਮਿੱਤ ਮਹਾਂ ਵਿਸਮਾਦ ਕ੍ਰਿਪਾ ਦੁਆਰਾ ਜਦੋਂ ਪਤੀ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਹੋਈ, ਤਦੋਂ ਬਿਅੰਤ ਬ੍ਰਹਮੰਡ ਦੀ ਰਚਨਾ ’ਚ ਨਿਰਗੁਨ ਬ੍ਰਹਮ ਅਕਾਲਪੁਰਖੁ ਜੀ ਵਿਆਪਕ ਭਰਪੂਰ ਪ੍ਰਕਾਸ਼ਕ ਜਾਣ ਕੇ ਅਤਿਅੰਤ ਹੀ ਸੋਭਨੀਕ ਲੱਗੇ। ਕਹੁ ਭੀਖਨ, ਦੁਇ ਨੈਨ ਸੰਤੋਖੇ; ਜਹ ਦੇਖਾਂ ਤਹ ਸੋਈ॥੨॥੨॥ ਅੰਦਰ ਬਾਹਰ ਬ੍ਰਹਮ ਜੀ ਦੀ ਸਾਖਿਆਤਤਾ ਹੋਣ ਤੋਂ, ਹੁਣ (ਊਪਰਿ) ਉੱਤੇ ਅਕਾਸੁ ਦੇ ਬੱਦਲ, ਤਾਰੇ, ਮੰਡਲ, ਸੂਰਜ, ਚੰਦ ’ਚ ਪਤੀ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਹੋਣੇ ਕਰਕੇ ਬਹੁਤੇ ਸੋਹਣੇ (ਬਨੈ) ਬਣੇ ਹਨ। (ਤਲੈ) ਥੱਲੇ (ਧਰ) ਧਰਤੀ ਭੀ ਬੇਹੱਦ (ਸੋਹਤੀ) ਸੋਭਨੀਕ ਹੋ ਰਹੀ ਹੈ। ਯਥਾ:- ਸਚੇ ਤੇਰੇ ਖੰਡ; ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ; ਸਚੇ ਆਕਾਰ॥) ਸੋਹੰਦੜੋ ਹਭ ਠਾਇ; ਕੋਇ ਨ ਦਿਸੈ ਡੂਜੜੋ॥

ਅਰਥ ੨:- ਬ੍ਰਹਮਗਿਆਨੀ ਗੁਰਸੇਵਕ ਜੀ ਦੇ ਮਨ ’ਚ, ਸਾਰਿਆਂ ਦੇ ਚਰਨ-ਧੂੜ ਹੋਣ ਦਾ, ਗ੍ਰੀਬੀ ਪਰਉਪਕਾਰ ਪ੍ਰੇਮਾ-ਭਗਤੀ ਦਾ ਚਾਨਣ ਹੋ ਰਿਹਾ ਹੈ। ਯਥਾ:- ਬ੍ਰਹਮਗਿਆਨੀ ਸਗਲ ਕੀ ਰੀਨਾ॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥) ਸਰਬ ਕੀ ਰੇਣ ਹੋਵੀਜੈ॥ ਆਪੁ ਮਿਟਾਇ ਮਿਲੀਜੈ॥) ਸਰਬ ਕੀ ਰੇਨ; ਜਾ ਕਾ ਮਨੁ ਹੋਇ॥ ਕਹੁ ਨਾਨਕ; ਤਾ ਕੀ ਨਿਰਮਲ ਸੋਇ॥੩॥) ਜਬ ਇਹੁ; ਹੂਆ ਸਗਲ ਕੀ ਰੀਨਾ॥ ਤਾ ਤੇ ਰਮਈਆ; ਘਟਿ ਘਟਿ ਚੀਨਾ॥) ਮਿਟਿ ਗਏ ਬੈਰ; ਭਏ ਸਭ ਰੇਨ॥ ਅੰਮ੍ਰਿਤ ਨਾਮੁ; ਸਾਧਸੰਗਿ ਲੈਨ॥ ਜਿਵੇਂ (ਧਰ) ਧਰਤੀ ਭਾਵ ਧੂੜ ਪੈਰਾਂ ਦੇ (ਤਲੈ) ਹੇਠਾਂ ਤੋਂ ਉੱਡ ਕੇ, ਸਭ ਦੇ ਊਪਰਿ ਅਕਾਸੁ ’ਚ ਆ ਜਾਂਦੀ ਹੈ। ਤਿਵੇਂ ਬ੍ਰਹਮਗਿਆਨੀ ਗੁਰਸੇਵਕ ਜੀ, ਸਭ ਦੀ ਚਰਨ-ਧੂੜ ਬਣ ਕੇ, ਪਰਉਪਕਾਰ ਕਰਕੇ ਸਭ ਦੇ ਉੱਪਰ ਆ ਜਾਂਦੇ ਭਾਵ ਉੱਚੇ ਸੁੱਚੇ ਗੁਰਮੁਖਿ ਜੀਵਨ ਵਾਲੇ ਸ੍ਰਬ ਸ਼੍ਰੋਮਣੀ ਬਣ ਹਨ। ਉਹ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਦੀ ਗੁਰਮੁਖਿ ਸੁਹਾਗਣਾਂ ਲੋਕ ਪਰਲੋਕ ’ਚ ਬੇਹੱਦ (ਸੋਹਤੀ) ਸੋਭਾ ਪੌਂਦੀਆਂ ਅਥਵਾ ਸੋਭਨੀਕ ਹੁੰਦੀਆਂ ਹਨ ਜੀ। ਯਥਾ:- ਜਿਉ ਧਰਤੀ. ਚਰਣ ਤਲੇ ਤੇ, ਊਪਰਿ ਆਵੈ; ਤਿਉ ਨਾਨਕ ਸਾਧ ਜਨਾ, ਜਗਤੁ ਆਣਿ. ਸਭੁ ਪੈਰੀ ਪਾਏ॥) ਪਵਹੁ ਚਰਣਾ ਤਲਿ. ਊਪਰਿ ਆਵਹੁ; ਐਸੀ ਸੇਵ ਕਮਾਵਹੁ॥ ਆਪਸ ਤੇ ਊਪਰਿ ਸਭ

ਜਾਣਹੁ; ਤਉ ਦਰਗਹ ਸੁਖੁ ਪਾਵਹੁ॥ ਤਥਾ:- ਬ੍ਰਹਮਗਿਆਨੀ ਕੀ ਸੋਭਾ; ਬ੍ਰਹਮਗਿਆਨੀ ਬਨੀ॥ ਨਾਨਕ ਬ੍ਰਹਮਗਿਆਨੀ; ਸਰਬ ਕਾ ਧਨੀ॥੮॥੮॥

ਅਰਥ ੩:- ਜਿਵੇਂ (ਧਰ) ਧਰਤੀ ਦੇ ਊਪਰਿ ਅਕਾਸੁ 'ਚ, ਅਨੰਤ ਸੂਰਜ ਚੰਦ ਤਾਰੇ ਮੰਡਲ (ਬਨੈ) ਬਨੇ ਹਨ ਭਾਵ ਪ੍ਰਕਾਸ਼ਦੇ ਹਨ ਅਤੇ (ਤਲੈ) ਥੱਲੇ ਧਰਤੀ ਉੱਤੇ ਸੁੰਦਰ ਬਾਗ਼ਾਂ 'ਚ ਬੇਅੰਤ ਹੀ ਸੁੰਦਰ, ਖੁਸ਼ਬੂ ਸੁਗੰਧੀ ਵਾਲੇ ਫ਼ੁੱਲ, ਫ਼ਲ਼ਦਾਇਕ ਬ੍ਰਿੱਛ ਲੱਗੇ ਹਨ। ਤਿਵੇਂ ਪਰਮਪੂਜਨੀਕ ਬ੍ਰਹਮਗਿਆਨੀ ਗੁਰਸੇਵਕ ਸਖੀ ਜੀ ਦੇ ਮਨ ਰੂਪੀ ਅਕਾਸ 'ਚ, ਅਨੰਤ ਗੁਰਸਬਦਾਂ ਅਰਥਾਂ ਰੂਪੀ ਸੂਰਜ ਚੰਦ ਤਾਰੇ ਮੰਡਲਾਂ ਦੇ ਸ੍ਰਬ ਵਿਆਪੀ ਮਹਾਂ ਵਿਸਮਾਦ ਚਾਨਣ ਹੀ ਚਾਨਣ ਹੋ ਰਹੇ ਹਨ। ਇਉਂ ਉਨ੍ਹਾਂ ਦੀ ਬੁੱਧੀ ਰੂਪੀ ਧਰਤੀ ਦਇਆ, ਸਤਿ, ਸੰਤੋਖ, ਖਿਮਾ ਆਦਿ ਸ਼ੁਭ ਗੁਣਾਂ ਰੂਪੀ ਫ਼ੁੱਲਾਂ ਦੇ ਬਾਗ਼ ਸਹਿਤ (ਸੋਹਤੀ) ਸ਼ੋਭਨੀਕ ਹੋ ਰਹੀ ਹੈ। ਯਥਾ:- ਸੰਤ ਪ੍ਰਸਾਦਿ. ਮੇਰੇ ਪੂਰ ਮਨੋਰਥ; ਕਰਿ ਕਿਰਪਾ ਭੇਟੇ ਗੁਣਤਾਸ॥ ਸਾਂਤਿ ਸਹਜ ਸੂਖ ਮਨਿ ਉਪਜਿਓ; ਕੋਟਿ ਸੂਰ ਨਾਨਕ ਪਰਗਾਸ॥) ਸਤਿਗੁਰ ਸਬਦਿ; ਉਜਾਰੋ ਦੀਪਾ॥ ਬਿਨਸਿਓ ਅੰਧਕਾਰ. ਤਿਹ ਮੰਦਰਿ; ਰਤਨ ਕੋਠੜੀ ਖੁਲ੍ਹੀ ਅਨੂਪਾ॥੧॥) ਭ੍ਰਮ ਭੈ ਬਿਨਸਿ ਗਏ, ਖਿਨ ਭੀਤਰਿ; ਅੰਧਕਾਰ. ਪ੍ਰਗਟੇ ਚਾਨਾਣੁ॥ ਸਾਸਿ ਸਾਸਿ ਆਰਾਧੈ ਨਾਨਕੁ; ਸਦਾ ਸਦਾ ਜਾਈਐ ਕੁਰਬਾਣੁ॥

ਦਹ ਦਿਸ ਚਮਕੈ ਬੀਜੁਲਿ; ਮੁਖ ਕਉ ਜੋਹਤੀ॥

ਅਰਥ ੧:- ਜਿਵੇਂ ਬਿਜਲੀ ਚਮਕਣ ਤੋਂ ਸੰਸਾਰੀ ਬੀਬੀ ਅਪਣੇ ਪਤੀ ਜੀ ਦਾ ਚੇਹਰਾ ਚਾਅ ਨਾਲ ਦੇਖਦੀ ਹੈ। ਇਉਂ ਸਤਿਗੁਰੂ ਅਰਜਨਦੇਵ ਸਾਹਿਬ ਜੀ, ਮਹਾਤਮਾ ਰੂਪੀ ਗੁਰਮੁਖਿ ਇਸਤ੍ਰੀ ਜੀ ਦੀ ਅਵਸਥਾ ਕਥਨ ਕਰਦੇ ਹਨ:- ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਅਮਿੱਤ ਮਹਾਂ ਵਿਸਮਾਦ ਕ੍ਰਿਪਾ ਦੁਆਰਾ, ਜਦੋਂ (ਦਹ) ਦਸਾਂ (ਦਿਸ) ਦਿਸ਼ਾਂ 'ਚ ਵਾਹਿਗੁਰੂ ਜੀ ਦੀ ਜੋਤਿ (ਬੀਜੁਲਿ) ਬਿਜੁਲੀ ਵਾਂਗ (ਚਮਕੈ) ਚਮਕਦੀ ਹੈ, ਤਦੋਂ ਗੁਰਮੁਖਿ ਇਸਤ੍ਰੀ ਜੀ, ਸਤਿਗੁਰੂ ਸਾਹਿਬ ਜੀ ਦੀ ਆਗਿਆਕਾਰੀ ਅਨੁਸਾਰੀ ਬਹੂ ਬਣ ਕੇ, ਪਤੀ ਪਰਮਾਤਮਾ ਸਤਿਗੁਰੂ ਸਾਹਿਬ ਜੀ ਦੇ ਅਵਿਲੋਕਉ ਰਾਮ ਕੋ ਮੁਖਾਰਬਿੰਦ॥ ਅਨੁਸਾਰ ਸੁੰਦਰ (ਮੁਖ) ਮੁਖਾਰਬਿੰਦ (ਕਉ) ਨੂੰ ਚਾਅ ਨਾਲ (ਜੋਹਤੀ) ਦੇਖਦੀ ਹੈ। ਯਥਾ:- ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ; ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ. ਸਭ ਲੋਅ ਮਹਿ; ਨਾਨਕ. ਅਧਮ ਪਤੰਗ॥

ਅਰਥ ੨:- ਸਦਾ ਗੁਰਤਾ ਬਿਰਾਜਮਾਨ ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮੌਂਦੇ ਹਨ:- ਜਦ ਗੁਰਮੁਖਿ ਸਖੀ ਅਪਨੇ ਪਤੀ ਬ੍ਰਹਮ ਜੀ ਦੇ ਸੁੰਦਰ ਬਲਵਾਨ ਅਬਿਨਾਸੀ ਸਰਗੁਨ ਸਰੂਪ ਦਸ

ਸਤਿਗੁਰੂ ਸਾਹਿਬਾਨ ਜੀ ਦੇ (ਮੁਖ) ਮੁਖਾਰਬਿੰਦ (ਕਉ) ਨੂੰ (ਜੋਹਤੀ) ਦੇਖਦੀ ਹੈ। ਤਦੋਂ (ਦਹ) ਦਸਾਂ (ਦਿਸ) ਦਿਸ਼ਾਂ ਭਾਵ ਅੰਦਰ ਬਾਹਰ ਸ਼ੁਭ ਗੁਣਾਂ ਸਤ ਸੰਤੋਖ ਦਇਆ ਦੀ (ਬੀਜੁਲਿ) ਬਿਜੁਲੀ (ਚਮਕੈ) ਚਮਕਦੀ ਹੈ।

ਖੋਜਤ ਫਿਰਉ ਬਿਦੇਸਿ; ਪੀਉ ਕਤ ਪਾਈਐ॥

(ਪੀਉ) ਪਤੀ ਵਾਹਿਗੁਰੂ ਜੀ ਨੂੰ ਸਾਧਸੰਗਤ ਜੀ 'ਚੋਂ ਅਥਵਾ ਅਪਣੇ ਰਿਦੇ 'ਚੋਂ ਛੱਡ ਕੇ (ਬਿਦੇਸਿ) ਪ੍ਰਦੇਸ਼ ਭਾਵ ਕੁਸੰਗਤ, ਮੜ੍ਹੀਆਂ, ਮਸਾਣ, ਕਬਰਾਂ, ਜੰਗਲਾਂ, ਪਹਾੜਾਂ ਆਦਿ 'ਚ (ਖੋਜਤ) ਭਾਲਦੀ (ਫਿਰਉ) ਫਿਰਦੀ ਹੈ। ਯਥਾ:- ਇਕ ਮੜੀਅਨ ਕਬਰਨ ਵੇ ਜਾਂਹੀ॥ ਦੁਹੂੰਅਨ ਮੈ ਪਰਮੇਸ੍ਵਰ ਨਾਹੀ॥੧੮॥ ਸ੍ਰਬ ਵਿਆਪੀ ਪਤੀ ਪ੍ਰਮਾਤਮਾ ਜੀ ਸਾਰਿਆਂ ਦਿਲਾਂ, ਵੱਡੇ ਤੋਂ ਵੱਡੇ, ਸੂਛਮ ਤੋਂ ਸੂਛਮ ਅਕਾਰਾਂ, ਧਰਤੀ ਅਕਾਸ਼ ਦਸੋ ਦਿਸ਼ਾ ਕੋਟਿ ਬ੍ਰਹਮੰਡਾਂ 'ਚ ਸਦਾ ਵਿਆਪਕ ਹਾਜ਼ਰ ਹਨ। ਯਥਾ:- ਜੋ ਬ੍ਰਹਮੰਡੇ. ਸੋਈ ਪਿੰਡੇ; ਜੋ ਖੋਜੈ ਸੋ ਪਾਵੈ॥ ਹੇ ਉੱਤਮ ਗੁਰਮੁਖਿ ਸਹੇਲੀਓ! (ਪੀਉ) ਪਤੀ ਵਾਹਿਗੁਰੂ ਜੀ (ਕਤ) ਕਿੱਥੋਂ (ਪਾਈਐ) ਪਾਈਏ?

ਹਰਿਹਾਂ, ਜੇ ਮਸਤਕਿ ਹੋਵੈ ਭਾਗੁ; ਤ ਦਰਸਿ ਸਮਾਈਐ॥੯॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਜੇ (ਮਸਤਕਿ) ਮੱਥੇ ਤੇ (ਮਸਤਕਿ) ਸ਼੍ਰੋਮਣੀ ਸ੍ਰੇਸ਼ਟ ਭਾਗੁ (ਹੋਵੈ) ਹੋਣ । (ਤ) ਤਾਂ ਹੀ ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਹੀਏ ਕੋ ਪ੍ਰੀਤਮੁ; ਪਤੀ ਵਾਹਿਗੁਰੂ ਸੱਚੇ ਬ੍ਰਹਮ ਜੀ ਦੇ ਸੁੰਦਰ (ਦਰਸਿ) ਦਰਸਨ 'ਚ (ਸਮਾਈਐ) ਲੀਣ ਹੋਈਦਾ ਹੈ। ਯਥਾ:- ਜਾ ਕੋ ਭਾਗੁ, ਤਿਨਿ ਲੀਓ ਰੀ ਸੁਹਾਗੁ; ਹਰਿ ਹਰਿ ਹਰੇ ਹਰੇ, ਗੁਨ ਗਾਵੈ ਗੁਰਮਤਿ; ਹਉ ਬਲਿ ਬਲੇ, ਹਉ ਬਲਿ ਬਲੇ; ਜਨ ਨਾਨਕ. ਹਰਿ ਜਪਿ; ਭਈ ਨਿਹਾਲ ਨਿਹਾਲ ਨਿਹਾਲ॥੨॥੧॥੭॥

ਡਿਠੇ ਸਭੇ ਥਾਵ; ਨਹੀ ਤੁਧੁ ਜੇਹਿਆ॥

ਅਰਥ ੧:- ਹੇ ਗੁਰਦੇਵ ਮਾਤਾ ਗੁਰਦੇਵ ਪਿਤਾ; ਸਤਿਗੁਰੂ ਰਾਮਦਾਸ ਸਾਹਿਬ ਜੀ! ਦਾਸਨਦਾਸੀ ਨੇ (ਸਭੇ) ਸਾਰੇ (ਥਾਵ) ਥਾਂ (ਡਿਠੇ) ਦੇਖੇ ਹਨ, ਪਰ (ਤੁਧੁ) ਆਪ ਜੀ (ਜੇਹਿਆ) ਜੈਸਾ ਕੋਈ ਦਇਆਲ ਮਿਹਰਵਾਨ ਅਬਿਨਾਸੀ ਪੂਰਨ ਸਤਿਗੁਰੂ ਜੀ ਨਹੀ ਹੈ। ਯਥਾ:- ਗੁਰ ਜੈਸਾ. ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ; ਸੁ ਲਾਗਾ ਸੇਵ॥੧॥ਰਹਾਉ॥) ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥੪॥੨੦॥੯੦॥ ਆਪ ਜੀ ਦਾ ਵਸਾਇਆ ਨੱਗਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਜੈਸਾ ਕੋਈ ਭੀ ਅਚੱਲ ਸੁੰਦਰ ਅਸਥਾਨ

ਨਹੀਂ ਹੈ। ਜਿੱਥੇ ਅੱਠੇ ਪਹਿਰ ਕੀਰਤਨ ਹੁੰਦਾ ਹੋਵੇ। ਯਥਾ:- ਹਰਿ ਜਪੇ. ਹਰਿਮੰਦਰੁ ਸਾਜਿਆ; ਸੰਤ ਭਗਤ ਗੁਣ ਗਾਵਹਿ ਰਾਮ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ; ਸਗਲੇ ਪਾਪ ਤਜਾਵਹਿ ਰਾਮ॥



ਅਰਥ ੨:- ਹੇ ਨਿਰਗੁਨ ਨਿਰੰਕਾਰ ਵਾਹਿਗੁਰੂ ਜੀ! ਅਬਿਨਾਸੀ ਸੁਖ; ਆਪਨ ਆਸਨ॥ ਅਨੁਸਾਰ ਆਪ ਜੀ ਸੱਚੇ ਨਾਮ ਦੇ ਸੱਚੇ ਦਾਤੇ, ਅਬਿਨਾਸੀ ਪੂਰਨ ਬ੍ਰਹਮ ਹੋਂ ਜੀ, ਅਪਣੇ ਨਿਰਗੁਨ ਸਰੂਪ ਜੀ ਦੁਆਰਾ ਹੁਣ ਸਾਡੇ ਨੇਤ੍ਰਾਂ ਕੰਨਾਂ, ਸੁਆਸਾਂ 'ਤੇ ਚਮੜੀ ਦੇ ਪ੍ਰਕਾਸ਼ਕ ਹੋਂ ਜੀ। ਅਨੰਤ ਬ੍ਰਹਮੰਡਾਂ 'ਚ ਅਨੰਤ ਸੂਰਜਾਂ, ਚੰਦ੍ਰਮਿਆਂ ਤਾਰਿਆਂ, ਬਿਜਲੀਆਂ ਅਗਨੀਆਂ ਟਟਿਆਣਿਆਂ ਨੂੰ ਸਾਜ ਕੇ ਚੌਵੀ ਘੰਟੇ ਇੱਕ ਰਸ ਪ੍ਰਕਾਸ਼ ਰਹੇ ਹੋਂ ਜੀ। ਯਥਾ:- ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਅਸੰਖ ਬ੍ਰਹਮੰਡਾਂ 'ਚ ਅਸੰਖ ਭਗਤ ਆਪ ਜੀ ਦਾ ਨਾਮ ਜਪਦੇ ਹਨ। ਦਾਸਨਦਾਸੀ ਨੇ ਸਤਿਗੁਰੂ ਸਾਹਿਬ ਦੀ ਕ੍ਰਿਪਾ ਦੁਆਰਾ ਆਪ ਜੀ ਨੂੰ (ਸਭੇ) ਸਾਰੇ (ਥਾਵ) ਥਾਵਾਂ 'ਚ ਵਿਆਪਕ (ਡਿਠੇ) ਦੇਖਿਆ ਹੈ। ਯਥਾ:- ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ (ਤੁਧੁ) ਆਪ ਜੀ (ਜੇਹਿਆ) ਜੈਸਾ ਹੋਰ ਕੋਈ ਨਹੀ ਜੋ ਸਾਰੇ ਜੀਅ ਜੰਤ ਨੂੰ ਆਖਣ ਵੇਖਣ ਬੋਲਣ ਆਦਿ ਦੀ ਜੋਤਿ ਬਖ਼ਸ਼ਦੇ ਹੋਣ, ਜੋਤਿ ਦੇ ਨਾਲ ਕ੍ਰੋੜਾਂ ਧਰਤੀਆਂ ਨੂੰ ਥੰਮ੍ ਕੇ ਰੱਖਦੇ ਹੋਣ। ਯਥਾ:- ਵਾਹੁ ਵਾਹੁ ਕਾ; ਬਡਾ ਤਮਾਸਾ॥ ਆਪੇ ਹਸੈ. ਆਪਿ ਹੀ ਚਿਤਵੈ; ਆਪੇ. ਚੰਦੁ ਸੂਰੁ ਪਰਗਾਸਾ॥ ਆਪੇ ਜਲੁ. ਆਪੇ ਥਲੁ ਥੰਮ੍ਨੁ; ਆਪੇ ਕੀਆ ਘਟਿ ਘਟਿ ਬਾਸਾ॥ ਆਪੇ ਨਰੁ. ਆਪੇ ਫੁਨਿ ਨਾਰੀ; ਆਪੇ ਸਾਰਿ. ਆਪ ਹੀ ਪਾਸਾ॥ ਗੁਰਮੁਖਿ ਸੰਗਤਿ

ਸਭੈ ਬਿਚਾਰਹੁ; ਵਾਹੁ ਵਾਹੁ ਕਾ ਬਡਾ ਤਮਾਸਾ॥੨॥੧੨॥) ਕਹਿ ਰਵਿਦਾਸ. ਅਕਥ ਕਥਾ; ਬਹੁ ਕਾਇ ਕਰੀਜੈ॥ ਜੈਸਾ ਤੂ. ਤੈਸਾ ਤੁਹੀ; ਕਿਆ ਉਪਮਾ ਦੀਜੈ॥੩॥੧॥

ਅਰਥ ੩:- ਦਾਸਨਦਾਸੀ ਨੇ (ਸਭੇ) ਸਾਰੇ (ਥਾਵ) ਥਾਂ ਚੰਗੀ ਤਰ੍ਹਾਂ (ਡਿਠੇ) ਦੇਖੇ ਹਨ, ਪਰ ਨਿਰੰਕਾਰ ਸਰੂਪ ਅੰਮ੍ਰਿਤ ਗੁਰਬਾਣੀ (ਜੇਹਿਆ) ਜੈਸੇ ਹੋਰ ਕੋਈ ਨਹੀ ਹਨ। ਯਥਾ:- ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥) ਵਾਹੁ ਵਾਹੁ ਬਾਣੀ ਸਚੁ ਹੈ; ਸਚਿ ਮਿਲਾਵਾ ਹੋਇ॥) ਵਾਹੁ ਵਾਹੁ ਬਾਣੀ ਸਤਿ ਹੈ; ਗੁਰਮੁਖਿ ਬੂਝੈ ਕੋਇ॥

ਬਧੋਹੁ ਪੁਰਖਿ ਬਿਧਾਤੈ; ਤਾਂ ਤੂ ਸੋਹਿਆ॥

ਹੇ ਪੁਰਖਿ (ਬਿਧਾਤੈ) ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੇ ਸੁੰਦਰ ਵਿਸ਼ਾਲ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਨੱਗਰੀ ਪ੍ਰੇਮ ਦੇ ਨਾਲ (ਬਧੋਹੁ) ਬੰਨ੍ਹੀ ਭਾਵ ਰਚੀ ਹੈ ਜੀ। ਤਾਂ (ਤੂ) ਆਪ ਜੀ ਨੇ ਨੱਗਰੀ ਵਸਾ ਕੇ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੱਗਰੀ 'ਚ ਅੰਮ੍ਰਿਤ ਕਥਾ ਕੀਰਤਨ ਕਰਦਿਆਂ (ਸੋਹਿਆ) ਸੋਭਨੀਕ ਹੋ ਰਹੇ ਹੋਂ ਜੀ। ਅਥਵਾ ਅਪਣੀ ਰਚੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੱਗਰੀ 'ਚ ਗੁਰਤਾਗੱਦੀ ਤੱਖਤ 'ਤੇ ਸਜ ਕੇ (ਸੋਹਿਆ) ਸੋਭਨੀਕ ਹੋ ਰਹੇ ਹੋਂ ਜੀ।

ਵਸਦੀ ਸਘਨ ਅਪਾਰ; ਅਨੂਪ ਰਾਮਦਾਸ ਪੁਰ॥

ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਵਸਾਈ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਅਥਵਾ ਸਾਧਸੰਗਤ (ਪੁਰ) ਪੁਰੀ (ਅਨੂਪ) ਉਪਮਾ ਸਹਿਤ ਸੁੰਦਰ ਹੈ, ਭਾਵ ਇਤਨੀ ਸੁੰਦਰ ਸਰੂਪ ਵਾਲੀ ਹੈ, ਕਿ ਉਪਮਾ ਹੋ ਹੀ ਨਹੀਂ ਸਕਦੀ। ਭਾਵੇਂ ਸਾਰੇ ਬ੍ਰਹਮੰਡ ਜੀਅ ਜੰਤ, ਪੂਰਨ ਸੰਤ ਹਰ ਸਮੇਂ ਉਪਮਾ ਕਰ ਰਹੇ ਹਨ, ਸਗੋਂ ਉਪਮਾ ਹੋਰ ਵਧਦੀ ਵਧਦੀ ਵਧਦੀ ਹੀ ਜਾਂਦੀ ਹੈ, ਕਿਉਂ ਜੋ ਸ੍ਰੀ ਹਰਿਮੰਦਰ ਸਾਹਿਬ ਜੀ ਅੱਠੇ ਪਹਿਰ ਅੰਮ੍ਰਿਤ ਗੁਰਬਾਣੀ ਕੀਰਤਨ ਹੁੰਦਾ ਹੈ। ਐਸੀ (ਅਪਾਰ) ਪਾਰਾਵਾਰ ਰਹਿਤ ਜਗਮਗ ਨੂਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਅਤੇ ਸਾਧਸੰਗਤ ਪੁਰੀ, ਪੂਰਨ ਗੁਰਸਿੱਖਾਂ ਪੂਰਨ ਬ੍ਰਹਮਗਿਆਨੀਆਂ, ਮਹਾਂਪੁਰਸ਼ਾਂ ਸਹਿਤ (ਸਘਨ) ਸੰਘਣੀ ਵਸਦੀ ਹੈ। ਯਥਾ:- ਮਹਲਾ ੩॥ ਲਾਹੋਰ ਸਹਰੁ; ਅੰਮ੍ਰਿਤਸਰੁ ਸਿਫਤੀ ਦਾ ਘਰੁ॥੨੮॥) ਸਾਧਸੰਗਤਿ ਅਸਥਾਨ; ਜਗਮਗ ਨੂਰ ਹੈ। ਲਖ ਲਖ ਸਸੀਅਰ ਭਾਨੁ; ਕਿਰਨ ਠਰੂਰ ਹੈ।

ਜਦ ਸਤਿਗੁਰੂ ਰਾਮਦਾਸ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਸਾ ਰਹੇ ਸਨ। ਸੇਵਾ ਕਰਦਿਆਂ ਸ੍ਰੀ ਗੋਬਿੰਦਵਾਲ ਸਾਹਿਬ ਜੀ ਵਿਖੇ ਪ੍ਰੀਤਮ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਸੁੰਦਰ ਦਰਸਨ ਕਰਨ

ਆਏ। ਤਾਂ ਸਤਿਗੁਰੂ ਅਮਰਦਾਸ ਸਾਹਿਬ ਜੀ ਪ੍ਰਸੰਨ ਹੋ ਕੇ ਸ਼ੁਭ ਵਰ ਬਖ਼ਸ਼ਿਆ "ਜੋ ਨੱਗਰੀ ਆਪ ਜੀ ਵਸਾ ਰਹੇ ਹੋਂ ਉਹ ਪ੍ਰੇਮੀ ਗੁਰਮੁਖਿ ਪ੍ਰਵਾਰਾਂ ਸਹਿਤ, ਮਹਾਂਪੁਰਖਾਂ, ਭਗਤਾਂ ਨਾਲ ਬਹੁਤ ਸੰਘਣੀ ਵਸੇਗੀ"

ਨ੍ਹਾਇਐ- ਹਰਿਹਾਂ. ਨਾਨਕ ਕਸਮਲ ਜਾਹਿ; ਨਾਇਐ ਰਾਮਦਾਸ ਸਰ॥੧੦॥

(ਨਾਨਕ) ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ (ਸਰ) ਸਰੋਵਰ ਸਾਹਿਬ ਜੀ ਅਥਵਾ ਸਾਧਸੰਗਤ ਰੂਪੀ (ਸਰ) ਸਰੋਵਰ ਸਾਹਿਬ ਜੀ 'ਚ ਸੰਗਤਾਂ ਨਾਲ ਗੁਰਬਾਣੀ ਸੁਣਣੇ, ਮੰਨਣੇ, ਗੌਣੇ, ਗੁਰਬਾਣੀ ਜੀ ਦੇ ਅਰਥ ਵੀਚਾਰਨੇ, ਕੀਰਤਨ ਕਰਨਾ, ਗੁਰਬਾਣੀ 'ਚ ਲੀਣਤਾ ਰੂਪੀ (ਨਾਇਐ) ਇਸ਼ਨਾਨ ਕਰਨ ਨਾਲ (ਕਸਮਲ) ਪਾਪ ਚਲੇ (ਜਾਹਿ) ਜਾਂਦੇ ਹਨ। ਯਥਾ:- ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ. ਪਾਪ ਕਮਾਤੇ॥ ਨਿਰਮਲ ਹੋਏ. ਕਰਿ ਇਸਨਾਨਾ॥ ਗੁਰਿ ਪੂਰੈ. ਕੀਨੇ ਦਾਨਾ॥੧॥ ਤਥਾ:- ਮਿਲਿ ਸਾਧੂ. ਦੁਰਮਤਿ ਖੋਏ॥ ਪਤਿਤ. ਪੁਨੀਤ ਸਭ ਹੋਏ॥ ਰਾਮਦਾਸਿ ਸਰੋਵਰ ਨਾਤੇ॥ ਸਭ ਲਾਥੇ; ਪਾਪ ਕਮਾਤੇ॥੨॥) ਸੁਣਿਆ ਮੰਨਿਆ; ਮਨਿ ਕੀਤਾ ਭਾਉ॥ ਅੰਤਰਗਤਿ; ਤੀਰਥਿ ਮਲਿ ਨਾਉ॥) ਤੀਰਥਿ ਨਾਵਣ ਜਾਉ; ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ; ਅੰਤਰਿ ਗਿਆਨੁ ਹੈ॥

ਚਿੱਤ ਸੁ-ਚਿੱਤ- ਚਾਤ੍ਰਿਕ ਚਿਤ ਸੁਚਿਤ; ਸੁ ਸਾਜਨੁ ਚਾਹੀਐ॥

ਜਿਵੇਂ ਅਤਿਅੰਤ ਪ੍ਰੇਮ ਨਾਲ (ਚਾਤ੍ਰਿਕ) ਬਾਬੀਹਾ ਸੁਆਂਤੀ ਬੂੰਦ ਦੀ ਪ੍ਰਾਪਤੀ ਲਈ, ਅਪਣੇ ਚਿਤ 'ਚ (ਸੁਚਿਤ) ਸਾਵਧਾਨ ਹੋ ਕੇ ਪ੍ਰਿਉ ਪ੍ਰਿਉ ਸਬਦ ਦਿਨ ਰਾਤ ਉਚਾਰਦਾ ਹੈ, (ਸੁ) ਸ੍ਰੇਸਟ (ਸਾਜਨੁ) ਮਿੱਤ੍ਰ ਸੁਆਂਤੀ ਬੂੰਦ (ਚਾਹੀਐ) ਚਾਹੁੰਦਾ ਹੈ। ਤਿਵੇਂ ਬਾਬੀਹਾ ਗੁਰਮੁਖਿ ਗਾੜ੍ਹੇ ਵੈਰਾਗ ਸਹਿਤ ਅਪਣੇ ਮਨ ਨੂੰ ਹੋਰ ਖਿਆਲਾਂ, ਵਿਸ਼ੇ ਵਾਸ਼ਨਾਂ ਤੋਂ ਸਾਵਧਾਨ ਕਰਕੇ, ਦਿਨ ਰਾਤ ਗੁਰਬਾਣੀ ਵਾਹਿਗੁਰੂ ਮੰਤ੍ਰ ਨੂੰ ਮਸਤਾਨੀ ਅਵਸਥਾ 'ਚ ਗੌਂਦਾ ਰਹਿੰਦਾ ਹੈ, ਰਿਦੇ 'ਚੋਂ ਮੁਖ 'ਚ ਅੰਮ੍ਰਿਤ ਰਸ ਰੂਪ (ਸੁ) ਸ੍ਰੇਸਟ (ਸਾਜਨੁ) ਮਿੱਤ੍ਰ ਸੁਆਂਤੀ ਬੂੰਦ ਅਥਵਾ (ਸੁ) ਸ੍ਰੇਸਟ (ਸਾਜਨੁ) ਮਿੱਤ੍ਰ ਅਕਾਲਪੁਰਖੁ ਵਾਹਿਗੁਰੂ ਜੀ ਦੇ ਦਰਸਨ ਰੂਪ ਸੁਆਂਤੀ ਬੂੰਦ ਚਾਹੁੰਦਾ ਹੈ।

ਜਿਸੁ ਸੰਗਿ ਲਾਗੇ ਪ੍ਰਾਣ; ਤਿਸੈ ਕਉ ਆਹੀਐ॥ ਬਨੁ ਬਨੁ ਫਿਰਤ ਉਦਾਸ; ਬੂੰਦ ਜਲ ਕਾਰਣੇ॥

(ਜਿਸੁ) ਜਿਨ੍ਹਾਂ ਦੇ (ਸੰਗਿ) ਨਾਲ ਦਾਸਨਦਾਸੀ ਅਥਵਾ ਸਾਰੇ ਜੀਅ ਜੰਤਾਂ ਦੇ ਪ੍ਰਾਣ (ਲਾਗੇ) ਲੱਗੇ ਹੋਏ ਹਨ ਭਾਵ ਜਿਨ੍ਹਾਂ ਦੇ ਆਸਰੇ ਸਾਰੇ ਸਾਹ ਲੈਂਦੇ ਹਨ। ਯਥਾ:- ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ॥) ਜੀਅ ਪ੍ਰਾਣ ਸੁਖਦਾਤਿਆ; ਨਿਮਖ ਨਿਮਖ ਬਲਿਹਾਰਿ ਜੀ॥੧॥ (ਤਿਸੈ)

ਉਹ ਸੱਜਨ ਮਿੱਤ੍ਰ ਸੁਆਮੀ ਨਿਰੰਕਾਰ ਵਾਹਿਗੁਰੂ ਜੀ (ਕਉ) ਨੂੰ ਦਾਸਨਦਾਸੀ (ਆਹੀਐ) ਚਾਹੁੰਦੀ ਹੈ। ਜਿਵੇਂ ਬਾਬੀਹਾ ਸੁਆਂਤੀ ਬੂੰਦ ਦੇ ਜਲ (ਕਾਰਣੇ) ਵਾਸਤੇ ਉਦਾਸ (ਬਨੁ ਬਨੁ) ਜੰਗਲ ਜੰਗਲ 'ਚ (ਫਿਰਤ) ਫਿਰਦਾ ਹੈ ਜੀ।

ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥੧੧॥

ਸੱਚੇ ਨਾਮ ਦੀ ਪ੍ਰਾਪਤੀ ਵਾਸਤੇ ਫ਼ੁਰਮਾ ਰਹੇ ਹਨ:- ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਤਿਉ) ਤਿਵੇਂ (ਹਰਿ) ਵਾਹਿਗੁਰੂ ਜੀ ਦੇ (ਜਨੁ) ਪਿਆਰੇ ਨਿਸ਼ਕਪਟ ਭਗਤ ਜੀ ਨਾਮੁ ਰੂਪੀ ਸੁਆਂਤੀ ਬੂੰਦ (ਮਾਂਗੈ) ਮੰਗਦੇ ਹਨ। ਸਤਿਗੁਰੂ ਨਾਨਕ ਦੇਵ ਜੀ ਗੁਰੂ ਅਰਜਨਦੇਵ ਸਾਹਿਬ ਜੀ ਗ੍ਰੀਬੀ ਦੀ ਹੱਦ ਜਣੈਂਦਿਆਂ ਫ਼ੁਰਮੌਂਦੇ ਹਨ:- ਦਾਸਨਦਾਸ ਐਸੇ ਭਗਤਾਂ ਗੁਰਸਿੱਖਾਂ ਅਤੇ ਅਕਾਲਪੁਰਖੁ ਵਾਹਿਗੁਰੂ ਜੀ ਤੋਂ (ਬਲਿਹਾਰਣੇ) ਕੁਰਬਾਨ ਜਾਂਦਾ ਹੈ। ਯਥਾ:- ਮਿਟਿ ਗਏ ਗਵਨ; ਪਾਏ ਬਿਸ੍ਰਾਮ॥ ਨਾਨਕ. ਪ੍ਰਭ ਕੈ; ਸਦ ਕੁਰਬਾਨ॥੮॥੧੧॥

ਮਿਤ ਕਾ ਚਿਤੁ ਅਨੂਪੁ; ਮਰੰਮੁ. ਨ ਜਾਨੀਐ॥

ਹੇ ਗੁਰਮੁਖਿ ਸਖੀਓ! ਦਿਲ ਜਾਨ ਗਹਿਰ ਗੰਭੀਰ ਪਿਆਰੇ (ਮਿਤ) ਮਿੱਤ੍ਰ ਅਕਾਲਪੁਰਖੁ ਵਾਹਿਗੁਰੂ ਜੀ (ਕਾ) ਦਾ (ਚਿਤੁ) ਰਿਦਾ ਗੁਰਬਾਣੀ ਨਾਲ ਭਰਿਆ (ਅਨੂਪੁ) ਸੁੰਦਰ ਹੀ ਸੁੰਦਰ ਸੱਚ ਨਿਰੰਕਾਰ ਸਰੂਪ ਉਪਮਾ ਸਹਿਤ ਹੈ, ਜਿਨ੍ਹਾਂ ਦੀ ਉਪਮਾ ਹੋ ਹੀ ਨਹੀਂ ਸਕਦੀ। ਯਥਾ:- ਮੋਖ ਮੁਕਤਿ ਦੁਆਰਿ ਜਾ ਕੈ; ਸੰਤ ਰਿਦਾ ਭੰਡਾਰੁ॥) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥) ਅਤਿ ਸੁੰਦਰ ਅਪਾਰ ਅਨੂਪ॥ ਪਿਆਰੇ ਮਿੱਤ੍ਰ ਗੋਵਿੰਦ ਜੀ ਦਾ ਰਿਦਾ ਇਤਨਾ ਸੁੰਦਰ ਹੈ ਕਿ ਸੁੰਦਰਤਾ ਦਾ (ਮਰੰਮੁ) ਭੇਦ (ਨ) ਨਹੀਂ (ਜਾਨੀਐ) ਜਾਣਿਆ ਜਾ ਸਕਦਾ। ਗਹਿਰ ਗੰਭੀਰੁ ਅਥਾਹੁ; ਅਪਾਰੁ ਅਗਣਤੁ ਤੂੰ॥ ਰੱਬ ਸਰੂਪ ਸ਼ਰੋਮਣੀ ਭਗਤ ਕਬੀਰ ਸਾਹਿਬ ਜੀ, ਜਿਨ੍ਹਾਂ ਦੇ ਲੂੰ ਲੂੰ 'ਚ ਵਾਹਿਗੁਰੂ ਜੀ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਅਥਾਹ ਪ੍ਰੇਮ ਵਸਿਆ ਹੈ ਫ਼ੁਰਮੌਂਦੇ ਹਨ:- ਕਹੁ ਕਬੀਰ. ਲਿਵ ਲਾਗਿ ਰਹੀ ਹੈ; ਜਹਾ ਬਸੇ ਦਿਨ ਰਾਤੀ॥ ਉਆ ਕਾ ਮਰਮੁ. ਓਹੀ ਪਰੁ ਜਾਨੈ; ਓਹੁ ਤਉ ਸਦਾ ਅਬਿਨਾਸੀ॥੪॥੧॥੫੨॥

ਗਾਹਕ ਗੁਨੀ ਅਪਾਰ; ਸੁ ਤਤੁ ਪਛਾਨੀਐ॥

ਜਿਹੜੇ ਅਪਾਰ (ਗੁਨੀ) ਗੁਣਾਂ ਸਹਿਤ ਸਾਧੂ, ਮਹਾਂਪੁਰਖ, ਗੁਰਸੇਵਕ ਸ਼ਹੀਦ (ਅਪਾਰ) ਪਾਰਾਵਾਰ ਰਹਿਤ ਸੱਚੇ ਅਬਿਨਾਸੀ ਅਟੱਲ ਅਖੰਡ ਸਾਧਸੰਗਤ ਰੂਪੀ ਹੱਟੀ ਤੇ ਆ ਕੇ, ਸੱਚੇ ਨਾਮ ਧਨ ਨੂੰ ਖ਼੍ਰੀਦਣ ਵਾਲੇ ਸਚੇ ਨਾਮ ਦੇ ਗਾਹਕ ਹਨ। (ਸੁ) ਉਹ ਗੁਰਮੁਖਿ (ਅਪਾਰ) ਪਾਰਾਵਾਰ ਰਹਿਤ (ਸੁ) ਸ੍ਰੇਸਟ ਤਤੁ

ਸਰੂਪ ਅਬਿਨਾਸੀ ਵਾਹਿਗੁਰੂ ਜੀ ਨੂੰ (ਪਛਾਨੀਐ) ਪਛਾਣ ਲੈਂਦੇ ਹਨ ਅਥਵਾ ਉਹ ਗੁਰਮੁਖਿ (ਤਤੁ) ਬ੍ਰਹਮ ਸਰੂਪ (ਪਛਾਨੀਐ) ਪਛਾਣੇ ਜਾਂਦੇ ਹਨ।

ਚਿਤਹਿ ਚਿਤੁ ਸਮਾਇ; ਤ ਹੋਵੈ ਰੰਗੁ ਘਨਾ॥

ਜਦੋਂ (ਚਿਤਹਿ) ਚਿੱਤ ਦੇ ਹਰ ਖ਼ਿਆਲ, ਸੋਚ, ਚਿਤਵਨੀ 'ਚ (ਚਿਤੁ) ਨਿਰਗੁਨ ਨਿਰੰਕਾਰ ਸਰੂਪ ਸੱਚੇ ਕੰਤ ਸੱਚੇ ਪ੍ਰੀਤਮ ਵਾਹਿਗੁਰੂ ਸਤਿਗੁਰੂ ਸਾਹਿਬ ਜੀ (ਸਮਾਇ) ਸਮਾ ਜਾਂਦੇ, ਸਮੌਣ ਤੋਂ ਉਹ (ਸਮਾਇ) ਮਸਤ ਹੋ ਜਾਂਦੇ ਹਨ। ਯਥਾ:- ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ. ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥੧॥ਰਹਾਉ॥ (ਤ) ਤਾਂ (ਘਨਾ) ਬਹੁਤ ਹੀ (ਰੰਗੁ) ਅਨੰਦ (ਹੋਵੈ) ਹੁੰਦਾ। ਯਥਾ:- ਅਨੰਦੁ ਭਇਆ ਮੇਰੀ ਮਾਏ; ਸਤਿਗੁਰੂ. ਮੈ ਪਾਇਆ॥) ਅਨਦੋ ਅਨਦੁ ਘਣਾ; ਮੈ. ਸੋ ਪ੍ਰਭੁ ਡੀਠਾ ਰਾਮ॥

ਹਰਿਹਾਂ. ਚੰਚਲ ਚੋਰਹਿ ਮਾਰਿ; ਤ ਪਾਵਹਿ ਸਚੁ ਧਨਾ॥੧੨॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਜੇਕਰ ਗ੍ਰੀਬੀ, ਖਿਮਾ ਆਦਿ ਸ਼ੁਭ ਗੁਣਾਂ ਰੂਪੀ ਤੀਰਾਂ ਨਾਲ ਇਸ ਚੰਚਲ ਮਨ ਨੂੰ ਅਤੇ ਵਿਕਾਰਾਂ ਔਗੁਣਾਂ ਰੂਪੀ (ਚੋਰਹਿ) ਚੋਰਾਂ ਨੂੰ ਮਾਰਿ ਲਵੋਂਗੇ (ਤ) ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ (ਸਚੁ) ਸੱਚਾ ਨਾਮ (ਧਨਾ) ਧਨ (ਪਾਵਹਿ) ਪਾ ਲਵੋਂਗੇ। ਪਰਉਪਕਾਰੁ ਨਿਤ ਚਿਤਵਤੇ; ਨਾਹੀ ਕਛੁ ਪੋਚ॥੨॥ ਅਨੁਸਾਰ ਪਰਉਪਕਾਰੀ ਸ਼ਹੀਦਾਂ ਦੇ ਸਿਰਤਾਜ ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ, ਅਪੁਨੀ ਸਾਲ਼ੀ ਨੂੰ ਸ਼ੁਭ ਸੱਚਾ ਗੁਰਮਤਿ ਧਾਰਨ ਦਾ, ਵਿਕਾਰਾਂ ਔਗੁਣਾਂ ਦੇ ਤਿਆਗ ਦਾ ਉਪਦੇਸ਼ ਬਖ਼ਸ਼ ਰਹੇ ਹਨ। ਜੋ ਚੌਹਾਂ ਜੁੱਗਾਂ 'ਚ ਹੋਰ ਕੋਈ ਭੀ ਅਪੁਨੀ ਸਾਲ਼ੀ ਨੂੰ ਨਹੀਂ ਦੇ ਸਕਿਆ। ਇਹ ਬੜਾ ਅਸਚਰਜ, ਅਲੌਕਿਕ, ਨਿਰਮਲ ਉਪਦੇਸ਼ ਹੈ ਜੋ ਅੰਤਰਜਾਮੀ ਗ੍ਰੀਬ ਨਿਵਾਜ ਜੀ ਨੇ ਔਣ ਵਾਲੇ ਕਲਿਜੁੱਗ ਦਾ ਘੋਰ ਭਿਆਨਕ ਸਮਾਂ ਵੀਚਾਰ ਕੇ ਸ੍ਰਬੱਤ ਦੇ ਭਲੇ ਲਈ ਗੁਰਬਾਣੀ ਜੀ ਬਖ਼ਸ਼ੇ ਹਨ।ਯਥਾ:- ਗੁਰਮੁਖਿ ਕੋਟਿ ਉਧਾਰਦਾ ਭਾਈ; ਦੇ ਨਾਵੈ ਏਕ ਕਣੀ॥

ਸੁਪਨੈ ਊਭੀ ਭਈ; ਗਹਿਓ ਕੀ ਨ ਅੰਚਲਾ॥

ਪਰਤਛਿ ਰਿਦੈ. ਗੁਰ ਅਰਜੁਨ ਕੈ; ਹਰਿ ਪੂਰਨ ਬ੍ਰਹਮਿ. ਨਿਵਾਸੁ ਲੀਅਉ॥ ਪਰਮਪੂਜਨੀਕ ਅਸਚਰਜ ਗੁਰੂ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ, ਅਪਣੀ ਵੈਰਾਗ ਦੀ ਦਸ਼ਾ ਕਥਨ ਕਰ ਰਹੇ ਹਨ:- ਸ੍ਰੀ ਕੀਰਤਨ ਸੋਹਿਲੇ ਸਾਹਿਬ ਜੀ ਦਾ ਪੂਰੀਆਂ ਲਗਾਂ ਲਾ ਕੇ ਅੰਮ੍ਰਿਤ ਸ਼ੁੱਧ ਪਾਠ ਕਰਕੇ, ਆਉ ਸਭਾਗੀ ਨੀਦੜੀਏ; ਮਤੁ ਸਹੁ ਦੇਖਾ ਸੋਇ॥ ਅਨੁਸਾਰ ਬਿਰਾਜ ਗਏ। ਤਦੋਂ ਦਾਸਨਦਾਸੀ (ਸੁਪਨੈ) ਸੁਪਨੇ 'ਚ (ਊਭੀ) ਦੋ ਸਰੂਪ (ਭਈ) ਹੋ ਗਈ, ਇੱਕ ਨਿਮਾਣੀ ਨਿਤਾਣੀ ਦਾਸਨਦਾਸੀ ਦਾ ਅਤੇ ਦੂਜਾ ਦਿਲ ਜਾਨ

ਹੀਏ ਕੋ ਪ੍ਰੀਤਮੁ; ਅਕਾਲਪੁਰਖੁ ਵਾਹਿਗੁਰੂ ਸਾਹਿਬ ਜੀ ਦਾ। ਪ੍ਰੀਤਮ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਕਰਦਿਆਂ ਦਾਸਨਦਾਸੀ ਦੀ ਜਾਗ ਖੁੱਲ ਗਈ ਤਾਂ ਫਿਰ ਪਛੋਤਾਵਾ ਫੁਰਿਆ, ਕਿ ਮਹਾਰਾਜ ਸਾਹਿਬ ਜੀ ਦਾ (ਅੰਚਲਾ) ਪੱਲਾ (ਕੀ) ਕਿਉਂ (ਨ) ਨਹੀਂ (ਗਹਿਓ) ਫੜਿਆ। ਜਿਵੇਂ ਗਵਾਲੀਅਰ ਦੇ ਕਿਲੇ 'ਚ ਬਵੰਜਾ ਉਮਰ ਕੈਦੀ ਰਾਜਿਆਂ ਨੂੰ ਪਰਉਪਕਾਰੀ ਬੰਦੀ ਛੋੜ ਦਾਤੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਅਪਣੇ ਸੁੰਦਰ ਚੋਲੇ ਦੀਆਂ ਬਵੰਜਾ ਕਲੀਆਂ ਫੜਾ ਕੇ ਉਮਰ ਕੈਦ ਤੋਂ ਛੁਡਾ ਕੇ ਬਾਹਰ ਲੈ ਆਏ। ਜੋ ਹਨੇਰੇ ਭੋਰੇ 'ਚ ਭੁੱਖੇ ਤਿਹਾਏ ਤੜਫ ਰਹੇ ਸਨ। ਜਿਨ੍ਹਾਂ ਨੂੰ ਜ਼ਾਲਮ ਸ਼ਾਹਜਹਾਨ ਨੇ ਤੜਫਾ ਤੜਫਾ ਕੇ, ਸਜ਼ਾ ਦੇ ਕੇ ਮਾਰਨਾ ਸੀ। ਇੱਕ ਤਾਂ ਸਤਿਗੁਰੂ ਸਾਹਿਬ ਜੀ ਨੇ ਅਪਣਾ ਪੱਲਾ ਫੜਾ ਕੇ, ਉਨ੍ਹਾਂ ਦੀ ਜਾਨ ਬਚਾਈ, ਦੂਜਾ ਕਿਲੇ 'ਚੋਂ ਬਾਹਰ ਲੈ ਆਂਦੇ, ਤੀਜਾ ਕੋਟਿ ਬ੍ਰਹਮੰਡ ਦੇ ਮਾਲਕ, ਸੱਚੇ ਪਾਤਿਸਾਹ ਸਤਿਗੁਰੂ ਸਾਹਿਬ ਜੀ ਨੇ ਸੁੰਦਰ ਦਰਸਨ ਬਖ਼ਸ਼ੇ, ਅਤੇ ਚੌਥਾ ਸਤਿਗੁਰੂ ਸਾਹਿਬ ਜੀ ਨੇ ਇਨ੍ਹਾਂ ਦਾ ਰਾਜ ਵਾਪਿਸ ਦੁਆਇਆ। ਬੰਦੀ ਛੋੜ ਦਾਤੇ ਕਹਾਏ, ਦਾਸਨਦਾਸੀ ਬਲਿ ਬਲਿ ਜਾਏ। ਯਥਾ:- ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥) ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈ॥ ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈ॥ ਸੋਭਿਤ ਸਿਜਾਸਨ ਬਿਲਾਸਨ ਦੈ ਅੰਕਮਾਲ ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ॥ ਚਾਤ੍ਰਿਕ ਸਬਦ ਸੁਨਿ ਅਖੀਆ ਉਘਰਿ ਗਈ ਭਈ ਜਲ ਮੀਨ ਗਤਿ ਬਿਰਹ ਜਗਾਏ ਹੈ॥੨੦੫॥

ਸੁੰਦਰ ਪੁਰਖ ਬਿਰਾਜਿਤ; ਪੇਖਿ ਮਨੁ ਬੰਚਲਾ॥

ਜਦ ਦਾਸਨਦਾਸੀ ਨੇ ਸੁੰਦਰ ਪਤੀ ਅਕਾਲ ਪੁਰਖ ਜੀ, ਅਪਣੀ ਸ਼ਰਧਾ ਰੂਪੀ ਸੇਜਾ 'ਤੇ (ਬਿਰਾਜਿਤ) ਬਿਰਾਜੇ ਹੋਏ (ਪੇਖਿ) ਦੇਖੇ, ਤਦ ਦਾਸਨਦਾਸੀ ਦਾ ਮਨੁ ਪਤੀ ਜੀ ਦੇ ਸੁੰਦਰਤਾ ਤੇ (ਬੰਚਲਾ) ਠੱਗਿਆ ਗਿਆ। ਯਥਾ:- ਦਰਸਨ ਦੇਖਤ ਹੀ, ਸੁਧਿ ਕੀ ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।) ਪਉੜੀ॥ ਜਿਉ ਮਛੁਲੀ ਬਿਨੁ ਪਾਣੀਐ; ਕਿਉ ਜੀਵਣੁ ਪਾਵੈ॥ ਬੂੰਦ ਵਿਹੂਣਾ ਚਾਤ੍ਰਿਕੋ; ਕਿਉ ਕਰਿ ਤ੍ਰਿਪਤਾਵੈ॥ ਨਾਦ ਕੁਰੰਕਹਿ ਬੇਧਿਆ; ਸਨਮੁਖ ਉਠਿ ਧਾਵੈ॥ ਭਵਰੁ ਲੋਭੀ. ਕੁਸਮ ਬਾਸੁ ਕਾ; ਮਿਲਿ ਆਪੁ ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ; ਦੇਖਿ ਦਰਸੁ ਅਘਾਵੈ॥੧੨॥

ਪਹਿਲਾਂ ਹਰਿਹਾਂ ਜੀ ਅਤੇ ਉਸ ਦੀਆਂ ਸੁਹੇਲੀਆਂ ਵਿਕਾਰੀ ਦ੍ਰਿਸਟੀ ਨਾਲ ਦੇਖਦੀਆਂ ਸਨ। ਸਤਿਗੁਰੂ ਸਾਹਿਬ ਜੀ ਨਾਲ ਮਖੌਲ ਕਰਕੇ ਕਹਿੰਦੇ ਸਨ "ਹੇ ਗੁਰਮੁਖਿ ਲਾੜੇ ਜੀ! ਮੂੰਹ ਉੱਚਾ ਕਰਕੇ ਸਾਡੇ ਵੱਲ ਭੀ ਝਾਕੋ ਜੀ।" ਪਰਮਪੂਜਨੀਕ ਨਿਰਮਲ ਨਿਰਲੇਪ ਗੁਰੁ ਅਰਜੁਨੁ ਪਰਤਖ੍ਯ ਹਰਿ॥੭॥੧੯॥ ਜੀ ਨੇ ਅਜਬ

ਕੰਮ; ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ; ਫੇਰੇ॥ ਅਨੁਸਾਰ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰਕੇ ਸਾਰਿਆਂ ਦੇ ਵਿਕਾਰ ਮੇਟ ਦਿਤੇ। ਹੁਣ ਇਹ ਭੀ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਤੀ ਵਾਹਿਗੁਰੂ ਜੀ ਦੇ ਸੁੰਦਰ ਸੱਚੇ ਦਰਸਨ ਕਰਨਾ ਚਾਹੁੰਦੇ ਹਨ। ਤਾਂ ਪ੍ਰੇਮ ਬੇਨਤੀ ਕਰਦੇ ਹਨ:-

ਖੋਜਉ ਤਾ ਕੇ ਚਰਣ; ਕਹਹੁ. ਕਤ ਪਾਈਐ॥
ਹਰਿਹਾਂ. ਸੋਈ ਜਤੰਨੁ ਬਤਾਇ; ਸਖੀ ਪ੍ਰਿਉ ਪਾਈਐ॥੧੩॥

(ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ ਪ੍ਰੇਮ ਬੇਨਤੀ ਕਰਦੇ ਹਨ:- ਦਾਸਨਦਾਸੀ (ਤਾ) ਤਿਨ੍ਹਾਂ ਸੱਚੇ ਨਿਰਮਲ ਅਬਿਨਾਸੀ ਸੱਚੇ ਪਤੀ ਸੱਚੇ ਵਾਹਿਗੁਰੂ ਜੀ (ਕੇ) ਦੇ ਸੱਚੇ ਇਲਾਹੀ ਮਿੱਠੇ ਚਰਣ ਕਮਲਾਂ ਨੂੰ (ਖੋਜਉ) ਖੋਜਦੀ ਹੈ। ਹੇ ਵਾਹਿਗੁਰੂ ਜੀ ਨੂੰ ਪ੍ਰਾਪਤ (ਸਖੀ) ਗੁਰਮੁਖਿ ਸੁਹਾਗਣ ਜੀ! (ਕਹਹੁ) ਦੱਸੋ (ਕਤ) ਕਿੱਥੋਂ (ਕਤ) ਕਿਵੇਂ ਪਤੀ ਵਾਹਿਗੁਰੂ ਜੀ (ਪਾਈਐ) ਪਾਈਦੇ ਹਨ? ਦਾਸਨਦਾਸੀ ਨੂੰ (ਸੋਈ) ਓਹੀ (ਜਤੰਨੁ) ਜਤਨ (ਬਤਾਇ) ਦਸਣਾਂ ਕਰੋ, ਜਿਸ ਦੁਆਰਾ (ਪ੍ਰਿਉ) ਪਿਆਰੇ ਪਤੀ ਵਾਹਿਗੁਰੂ ਜੀ (ਪਾਈਐ) ਪਾਈਦੇ ਹਨ। ਯਥਾ:- ਖੋਜਤ ਖੋਜਤ; ਦਰਸਨ ਚਾਹੇ॥ ਭਾਤਿ ਭਾਤਿ; ਬਨ ਬਨ ਅਵਗਾਹੇ॥ ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ; ਕੋਈ ਹੈ ਜੀਉ. ਆਣਿ ਮਿਲਾਵੈ ਜੀਉ॥੧॥) ਖੋਜਤ ਸੰਤ ਫਿਰਹਿ; ਪ੍ਰਭ ਪ੍ਰਾਣ ਅਧਾਰੇ ਰਾਮ॥ ਤਾਣੁ ਤਨੁ ਖੀਨ ਭਇਆ; ਬਿਨੁ ਮਿਲਤ ਪਿਆਰੇ ਰਾਮ॥ {ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ ਵਾਹਿਗੁਰੂ ਜੀ ਆਪ ਜੀ ਸਤਿਗੁਰੂ ਅਰਜਨਦੇਵ ਸਾਹਿਬ ਜੀ। ਆਪ ਅਕਾਲਪੁਰਖੁ ਪਾਰਬ੍ਰਹਮ ਪਤੀ ਪਰਮਾਤਮਾ ਹੁੰਦਿਆਂ, ਸੰਸਾਰ ਬਿਅੰਤ ਬ੍ਰਹਮੰਡਾਂ 'ਚ ਸੱਚੇ ਅੰਮ੍ਰਿਤ ਗੁਰਬਾਣੀ ਜੀ ਵਰਖਾ ਕਰਦਿਆਂ, ਆਪ ਕੁਰਬਾਨੀ ਦੇ ਰਹੇ ਹਨ, ਬਿਅੰਤ ਬ੍ਰਹਮੰਡਾਂ ਦੀ ਰੱਖਿਆ ਲਈ ਸੱਚੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਬਖ਼ਸ਼ ਰਹੇ ਹਨ, ਬਿਅੰਤ ਬ੍ਰਹਮੰਡਾਂ ਦਾ ਉਧਾਰ ਕਰ ਰਹੇ ਹਨ। ਫਿਰ ਭੀ ਵੱਡੇ ਨਹੀਂ ਬਣ ਰਹੇ, ਸਗੋਂ ਕਹਿੰਦੇ:- ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ; ਤੇਹਾ ਕਰੀ ਸੀਗਾਰੁ॥੧॥) ਕਹਿ ਕਬੀਰ. ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥੩॥੨॥੨੪॥) ਹਰਿ ਮੇਰੋ ਪਿਰੁ; ਹਉ. ਹਰਿ ਕੀ ਬਹੁਰੀਆ॥ ਰਾਮ ਬਡੇ; ਮੈ ਤਨਕ ਲਹੁਰੀਆ॥੧॥ ਰਹਾਉ॥}

ਸਤਿਗੁਰੂ ਸਾਹਿਬ ਜੀ ਉੱਤ੍ਰ ਬਖ਼ਸ਼ਦੇ ਹਨ:- ਤਨੁ ਮਨੁ ਧਨੁ ਸਭੁ. ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥ ਹੇ ਗੁਰਮੁਖਿ ਹਰਿਹਾਂ ਅਥਵਾ ਸਾਧਸੰਗਤ ਜੀ! ਹੰਗਤਾ ਰਹਿਤ ਹੋ ਕੇ ਤਨੁ ਮਨੁ ਧਨੁ ਸਭੁ ਗੁਰ ਸਤਿਗੁਰੂ ਰਾਮਦਾਸ ਸਾਹਿਬ ਜੀ (ਕਉ) ਨੂੰ (ਸਉਪਿ) ਅਰਪਣਾ ਕਰੋ, ਸਤਿਗੁਰੂ ਸਾਹਿਬ ਜੀ ਦਾ ਸੱਚਾ

ਹੁਕਮਿ (ਮੰਨਿਐ) ਮੰਨੀਏ। ਇਉਂ ਸੁੰਦਰ ਸੱਚੇ ਪਤੀ ਸੱਚੇ ਵਾਹਿਗੁਰੂ ਜੀ (ਪਾਈਐ) ਪਾਈਦੇ ਹਨ ਜੀ ਰਾਮ ਜੀ!

ਨੈਣ ਨ ਦੇਖਹਿ ਸਾਧ; ਸਿ ਨੈਣ ਬਿਹਾਲਿਆ॥

ਜਿਹੜੇ (ਨੈਣ) ਨੇਤ੍ਰ (ਸਾਧ) ਜੁੱਗੋ ਜੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸਾਧ) ਸੰਤ ਮਹਾਂਪੁਰਸ਼, ਗੁਰੂ ਖ਼ਾਲਸਾ ਜੀ ਨੂੰ (ਨ) ਨਹੀਂ (ਦੇਖਹਿ) ਦੇਖਦੇ। (ਸਿ) ਓਹੁ (ਨੈਣ) ਨੇਤ੍ਰ (ਬਿਹਾਲਿਆ) ਕੱਢਣੇ ਯੋਗ ਹਨ। ਯਥਾ:- ਅਖੀ. ਪ੍ਰੇਮਿ ਕਸਾਈਆ; ਹਰਿ ਹਰਿ ਨਾਮੁ ਪਿਖੰਨ੍ਹਿ॥ ਜੇ ਕਰਿ ਦੂਜਾ ਦੇਖਦੇ; ਜਨ ਨਾਨਕ. ਕਢਿ ਦਿਚੰਨ੍ਹਿ॥੨॥

ਕਰਨ ਨ ਸੁਨਹੀ ਨਾਦੁ; ਕਰਨ ਮੁੰਦਿ ਘਾਲਿਆ॥

ਜਿਹੜੇ (ਕਰਨ) ਕੰਨ ਰਸਦਾਇਕ ਵਿਸਮਾਦ ਸੁੰਦਰ ਗੁਰਬਾਣੀ ਜੀ ਦੀ ਮਿੱਠੀ (ਨਾਦੁ) ਧੁਨ (ਨ) ਨਹੀਂ (ਸੁਨਹੀ) ਸੁਣਦੇ। ਉਹ (ਕਰਨ) ਕੰਨ ਸਿੱਕਾ (ਘਾਲਿਆ) ਪਾ ਕੇ (ਮੁੰਦਿ) ਬੰਦ ਕਰਨੇ ਯੋਗ ਹਨ।

ਰਸਨਾ ਜਪੈ ਨ ਨਾਮੁ; ਤਿਲੁ ਤਿਲੁ ਕਰਿ ਕਟੀਐ॥

ਜਿਹੜੀ ਰਸਨਾ ਨਾਮੁ ਗੁਰਬਾਣੀ (ਨ) ਨਹੀਂ (ਜਪੈ) ਜਪਦੀ, ਉਹ ਰਸਨਾ (ਤਿਲੁ) ਥੋੜੀ (ਤਿਲੁ) ਥੋੜੀ (ਕਰਿ) ਕਰਕੇ (ਕਟੀਐ) ਕੱਟਣੇ ਯੋਗ ਹੈ, ਕੱਟੀ ਜਾਂਦੀ ਹੈ। ਯਥਾ:- ਰੇ ਜਿਹਬਾ; ਕਰਉ ਸਤ ਖੰਡ॥ ਜਾਮਿ. ਨ ਉਚਰਸਿ; ਸ੍ਰੀ ਗੋਬਿੰਦ॥੧॥ ਇਸ ਲਈ ਫਿੱਕਾ ਕੌੜਾ ਨਹੀਂ ਬੋਲਣਾ ਚਾਹੀਦਾ, ਸਦਾ ਵਾਹਿਗੁਰੂ ਵਾਹਿਗੁਰੂ ਜਪ ਜਪਾ। ਸਭਨਾਂ ਨੂੰ ਬਹੁ ਬਚਨ, ਅਪਨੇ ਆਪ ਨੂੰ ਇੱਕ ਬਚਨ ਕਹਿਣਾ ਜੀ।

ਹਰਿਹਾਂ. ਜਬ ਬਿਸਰੈ ਗੋਬਿਦ ਰਾਇ; ਦਿਨੋ ਦਿਨੁ ਘਟੀਐ॥੧੪॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਜਬ) ਜਦੋਂ (ਰਾਇ) ਪ੍ਰਕਾਸ਼ ਸਰੂਪ ਪਤੀ (ਗੋਬਿਦ) ਵਾਹਿਗੁਰੂ ਜੀ (ਬਿਸਰੈ) ਵਿਸਰਦੇ ਹਨ। ਤਦੋਂ (ਦਿਨੋ) ਦਿਨ ਪਰ ਦਿਨੁ (ਘਟੀਐ) ਘਟ ਜਾਈਦਾ ਭਾਵ ਮਰਨਾ ਹੁੰਦਾ ਹੈ। ਯਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥ ਤਥਾ:- ਮਰਣੰ. ਬਿਸਰਣੰ ਗੋਬਿੰਦਹ॥ ਜੀਵਣੰ. ਹਰਿ ਨਾਮ ਧ੍ਯਾਵਣਹ॥) ਮੇਰਾ ਪ੍ਰਭੁ ਬਿਸਰੈ; ਹਉ ਮਰਉ ਦੁਖਾਲੀ॥

ਪੰਕਜ ਫਾਥੇ ਪੰਕ; ਮਹਾ ਮਦ ਗੁੰਫਿਆ॥

ਜਿਵੇਂ (ਪੰਕਜ) ਕਮਲ 'ਚੋਂ (ਮਹਾ) ਬਹੁਤ ਸੁੰਦਰ (ਮਦ) ਸੁਗੰਧੀ ਕਾਰਨ, ਭੌਰਾ (ਗੁੰਫਿਆ) ਉਲਝ ਜਾਂਦਾ ਹੈ। ਰਾਤ ਪੈਣ ਤੋਂ ਕਮਲ ਬੰਦ ਹੋ ਜਾਂਦਾ, ਪਰ ਮਸਤ ਭੌਰਾ (ਪੰਕ) ਖੰਭ ਸਮੇਤ (ਫਾਥੇ) ਫਸ ਜਾਂਦਾ

ਹੈ। ਇਉਂ ਗੁਰਮੁਖਿ ਜਨ ਗੁਰੂ ਸਾਹਿਬ ਜੀ ਦੇ ਮਿੱਠੇ ਸੁੰਦਰ ਚਰਨਕਮਲਾਂ 'ਚ ਲੀਣ ਇੱਕ ਜੋਤ ਜੋ ਜਾਂਦੇ ਹਨ।

ਅੰਗ ਸੰਗ ਉਰਝਾਇ; ਬਿਸਰਤੇ ਸੁੰਫਿਆ॥

ਭੌਰੇ ਕਮਲ ਦੇ ਅੰਗ ਸੰਗ (ਉਰਝਾਇ) ਉਲਝ ਕੇ (ਸੁੰਫਿਆ) ਸਫ਼ਾਈ ਭਾਵ ਅਪਨੇ ਹੋਸ਼ ਫਰਮੋਸ਼ (ਬਿਸਰਤੇ) ਭੁਲਦੇ ਹਨ। ਗੁਰਮੁਖਿ ਜਨ ਸਤਿਗੁਰੂ ਪ੍ਰੀਤਮ ਜੀ ਦੇ ਸੁੰਦਰ ਚਰਨਕਮਲਾਂ 'ਚ ਮਸਤ ਹੋ ਕੇ, ਸ੍ਰੀਰ ਦੀ ਸੱਭ ਸੁੱਧ ਬੁੱਧ ਭੁਲਾ ਕੇ, ਮਹਾਂ ਵਿਸਮਾਦ ਅਨੰਦ 'ਚ ਮਗਨ ਹੋ ਜਾਂਦੇ ਹਨ। ਯਥਾ:- ਮਗਨੁ ਭਇਓ, ਪ੍ਰਿਅ ਪ੍ਰੇਮ ਸਿਉ; ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ. ਸਭ ਲੋਅ ਮਹਿ; ਨਾਨਕ. ਅਧਮ ਪਤੰਗ॥) ਅਲੀ ਅਲ ਗੁੰਜਾਤ, ਅਲੀ ਅਲ ਗੁੰਜਾਤ ਹੇ; ਮਕਰੰਦ ਰਸ ਬਾਸਨ ਮਾਤ ਹੇ; ਪ੍ਰੀਤਿ ਕਮਲ, ਬੰਧਾਵਤ ਆਪ॥

ਹੈ ਕੋਊ ਐਸਾ ਮੀਤੁ; ਜਿ ਤੋਰੈ ਬਿਖਮ ਗਾਂਠਿ॥
ਨਾਨਕ. ਇਕੁ ਸ੍ਰੀਧਰ ਨਾਥੁ; ਜਿ ਟੂਟੇ ਲੇਇ ਸਾਂਠਿ॥੧੫॥

(ਕੋਊ) ਕੋਈ ਐਸਾ (ਮੀਤੁ) ਪਿਆਰਾ ਮਿੱਤ੍ਰ ਹੈ? (ਜਿ) ਜਿਹੜਾ ਹਉਮੈ ਦੀ (ਬਿਖਮ) ਕਠਨ (ਗਾਂਠਿ) ਗੰਢ (ਤੋਰੈ) ਤੋੜ ਦੇਵੇ? (ਜਿ) ਜਿਹੜੇ (ਟੂਟੇ) ਟੁਟੀ ਪ੍ਰੀਤੀ ਨੂੰ (ਸਾਂਠਿ) ਗੰਢ (ਲੇਇ) ਲਵੇ? ਸ੍ਰੀ ਸ਼੍ਰੋਮਣੀ ਨਾਥ ਪ੍ਰਤੱਖ ਹਰਿ ਜੀ (ਨਾਨਕ) ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਇਕੁ (ਨਾਥੁ) ਮਾਲਕ (ਸ੍ਰੀਧਰ) ਸ਼੍ਰੋਮਣੀ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਹਨ, ਜਿਹੜੇ ਹਉਮੈ ਨੂੰ ਤੋੜ ਕੇ, ਟੁਟੀ ਹੋਈ ਪ੍ਰੀਤੀ ਨੂੰ ਗੰਢ ਲੈਂਦੇ ਹਨ। ਯਥਾ:- ਜਿਸੁ ਗੁਰਪ੍ਰਸਾਦਿ; ਤੂਟੈ ਹਉ ਰੋਗੁ॥ ਨਾਨਕ. ਸੋ ਜਨੁ; ਸਦਾ ਅਰੋਗੁ॥੨॥) ਟੂਟੀ ਗਾਢਨਹਾਰ; ਗੁੋਪਾਲ॥

ਧਾਵਉ ਦਸਾ ਅਨੇਕ; ਪ੍ਰੇਮ ਪ੍ਰਭ ਕਾਰਣੇ॥

ਪ੍ਰੇਮ ਅਤੇ ਪਿਆਰੇ (ਪ੍ਰਭ) ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ, ਦਾਸਨਦਾਸੀ ਅਨੇਕ ਵਾਰੀ ਦਸਾ ਦਿਸ਼ਾਂ 'ਚ (ਧਾਵਉ) ਦੌੜਦੀ ਹੈ।

ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥

(ਪੰਚ) ਪੰਜ ਵਿਕਾਰ ਰੂਪੀ (ਦੂਤ) ਵੈਰੀ ਦਿਨ ਰਾਤ ਦਾਸਨਦਾਸੀ ਨੂੰ (ਸਤਾਵਹਿ) ਸਤੌਂਦੇ ਹਨ। ਹੇ ਵਾਹਿਗੁਰੂ ਜੀ! (ਕਵਨ) ਕਿਸ (ਬਿਧਿ) ਬਿਧੀ, ਜੁਗਤੀ ਨਾਲ ਇਹ (ਮਾਰਣੇ) ਮਾਰੀਏ?

ਤੀਖਣ ਬਾਣ ਚਲਾਇ; ਨਾਮੁ ਪ੍ਰਭ ਧਾਈਐ॥

ਮਹਾਰਾਜ ਜੀ ਜੁਗਤੀ ਬਖ਼ਸ਼ ਰਹੇ ਹਨ:- (ਤੀਖਣ) ਤਿੱਖੇ ਤਿੱਖੇ ਨਾਮ ਰੂਪੀ ਅਣੀਆਲੇ (ਬਾਣ) ਤੀਰ (ਚਲਾਇ) ਚਲਾ ਕੇ, (ਪ੍ਰਭ) ਅਕਾਲਪੁਰਖੁ ਵਾਹਿਗੁਰੂ ਜੀ ਦੇ ਨਾਮੁ, ਸੱਚੇ ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥ ਗੁਰਬਾਣੀ ਜੀ ਨੂੰ (ਧ੍ਯਾਈਐ) ਧਿਐਣਾ ਕਰੀਏ। ਸ਼ੁਭ ਸਿੱਖਿਆ:- ਸਤਿਗੁਰੂ ਜੀ ਦਾ ਹੁਕਮ ਹੈ ਕਿ ਗੱਜ ਗੱਜ ਕੇ ਉੱਚੀ ਸੁਰ 'ਚ ਗੁਰਬਾਣੀ, ਵਾਹਿਗੁਰੂ ਮੰਤ੍ਰ ਗੌਣਾ। ਜਿਹੜੀ ਗੁਰਬਾਣੀ ਗਾਈ ਜਾਂਦੀ ਹੈ ਉਹ ਸੱਚਖੰਡ ਪਹੁੰਚਦੀ, ਵਾਤਾਵਰਨ ਨੂੰ ਸਾਫ ਕਰਦੀ, ਰਸਨਾ, ਕੰਨ, ਸ੍ਰੀਰ ਪਵਿੱਤ੍ਰ ਕਰਦੀ ਹੈ। ਯਥਾ:- ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ; ਗਾਵਹੁ ਸਚੀ ਬਾਣੀ॥) ਆਠ ਪਹਰ; ਜਿਹਵੇ ਆਰਾਧਿ॥ ਪਾਰਬ੍ਰਹਮ ਠਾਕੁਰ ਆਗਾਧਿ॥ ਈਹਾ ਊਹਾ; ਸਦਾ ਸੁਹੇਲੀ॥ ਹਰਿ ਗੁਣ ਗਾਵਤ; ਰਸਨ ਅਮੋਲੀ॥) ਕਹਤ ਕਬੀਰ; ਬਹੁ ਤਬ ਜੀਤੈ॥ ਹਰਿ ਗੁਨ ਗਾਵਤ; ਜਨਮੁ ਬਿਤੀਤੈ॥੪॥੧॥੩੪॥

ਹਰਿਹਾਂ. ਮਹਾਂ ਬਿਖਾਦੀ ਘਾਤ; ਪੂਰਨ ਗੁਰੁ ਪਾਈਐ॥੧੬॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਮਹਾਂ) ਵੱਡੇ (ਬਿਖਾਦੀ) ਝਗੜਾਲੂ ਪੰਜ ਵਿਕਾਰਾਂ ਨੂੰ (ਘਾਤ) ਨਾਸ ਕਰਨ ਵਾਲੇ ਪੂਰਨ (ਗੁਰੁ) ਸਤਿਗੁਰੂ ਗ੍ਰੰਥ ਸਾਹਿਬ ਜੀ (ਪਾਈਐ) ਪੌਣਾ ਕਰੀਏ। ਗ੍ਰੀਬ ਨਿਵਾਜ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਰਾਮ ਸਰੂਪ ਪੰਜ ਪਿਆਰੇ ਅੰਮ੍ਰਿਤ ਛਕੌਂਦੇ ਹਨ, ਗੁਰਮੰਤ੍ਰ ਮੂਲਮੰਤ੍ਰ ਦ੍ਰਿੜ ਕਰਵੌਂਦੇ, ਰਹਿਤ ਮਰਯਾਦਾ ਦਸਦੇ ਹਨ। ਉਸ ਸ਼ੁੱਭ ਸੱਚੀ ਪਿਆਰੀ ਗੁਰਮਤਿ ਸਿੱਖਿਆ ਨੂੰ ਅਮਲ 'ਚ ਲਿਔਣ ਨਾਲ, ਦਿਨ ਰਾਤ ਗੁਰਬਾਣੀ ਸਿਮਰਨ ਅਭਿਆਸ ਕਰਨ ਨਾਲ ਪੰਜ ਵਿਕਾਰ, ਆਧੀ ਬਿਆਧੀ ਆਦਿਕ ਰੋਗ ਸਭ ਨਾਸ ਹੋ ਜਾਂਦੇ ਹਨ। ਨਿਰਗੁਨ ਸਰਗੁਨ ਦੀ ਏਕਤਾ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਦਿਲ ਦਿਮਾਗ 'ਚ ਗੁਰਬਾਣੀ ਬਖ਼ਸ਼ ਦਿੰਦੇ ਹਨ। ਧੰਨ ਵਾਹਿਗੁਰੂ ਜੀ ਧੰਨ ਵਾਹਿਗੁਰੂ ਜੀ ਧੰਨ ਵਾਹਿਗੁਰੂ ਜੀ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਧੰਨ ਵਾਹਿਗੁਰੂ ਜੀ ਹਨ।

ਸਤਿਗੁਰ ਕੀਨੀ ਦਾਤਿ; ਮੂਲਿ. ਨ ਨਿਖੁਟਈ॥

ਸਤਿਗੁਰ ਗ੍ਰੰਥ ਸਾਹਿਬ ਜੀ ਨੇ ਅਤਿਅੰਤ ਮਿਹਰ ਕਰਕੇ, ਨਾਮ ਅੰਮ੍ਰਿਤ ਰਸ, ਦਿਲ ਦਿਮਾਗ਼ 'ਚ ਅੰਮ੍ਰਿਤ ਗੁਰਬਾਣੀ ਜੀ ਭੇਜ ਕੇ, ਮਹਾਂ ਵਿਸਮਾਦ ਵੱਡੀ ਅਮੋਲਕ ਦਾਤਿ ਬਖ਼ਸ਼ਣਾ (ਕੀਨੀ) ਕੀਤੀ ਹੈ, ਕਰਦੇ ਹਨ, ਕਰਨਗੇ ਸਦਾ ਲਈ। ਇਹ ਵਿਸਮਾਦ ਦਾਤ (ਮੂਲਿ) ਉੱਕਾ ਹੀ (ਨ) ਨਹੀਂ (ਨਿਖੁਟਈ) ਮੁੱਕਦੀ।

ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ॥

ਹੇ ਪ੍ਰੇਮੀਓ! ਆਪ (ਸਭਿ) ਸਾਰੇ ਇਸ ਪਰਮਪਵਿੱਤ੍ਰ ਆਤਮ ਬ੍ਰਹਮ ਜੀ ਸੱਚੇ ਨਾਮ ਅੰਮ੍ਰਿਤ ਨੂੰ (ਖਾਵਹੁ) ਖਾਣਾ ਕਰੋ (ਭੁੰਚਹੁ) ਛਕਣਾ ਕਰੋ। (ਸਭਿ) ਸਾਰੇ ਗੁਰਮੁਖਿ ਮਹਾਂਪੁਰਸ਼ ਦਿਨ ਰਾਤ ਸਾਵਧਾਨ ਏਕਾਗਰ ਚੀਤ॥ ਲਿਵ ਬ੍ਰਿਤੀ ਨੂੰ ਜੋੜ ਕੇ ਆਪ ਨਾਮ ਜਪ ਕੇ ਅਤੇ ਪ੍ਰੇਮੀਆਂ ਨੂੰ ਜਪਾ ਕੇ, ਚੌਰਾਸੀ ਲੱਖ ਜੂਨ ਦੇ ਗੇੜੇ ਤੋਂ (ਛੁਟਈ) ਛੁੱਟ ਜਾਂਦੇ ਹਨ ਜੀ ਰਾਮ ਜੀ! ਯਥਾ:- ਤਿਚਰੁ ਮੂਲਿ. ਨ ਥੁੜੀਂਦੋ; ਜਿਚਰੁ ਆਪਿ ਕ੍ਰਿਪਾਲੁ॥ ਸਬਦੁ ਅਖੁਟੁ. ਬਾਬਾ ਨਾਨਕਾ; ਖਾਹਿ ਖਰਚਿ ਧਨੁ ਮਾਲੁ॥੨੦॥) ਆਪਿ ਦ੍ਰਿੜੈ; ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ; ਪਰਮ ਗਤਿ ਪਾਵੈ॥੨॥

ਅੰਮ੍ਰਿਤੁ ਨਾਮੁ ਨਿਧਾਨੁ; ਦਿਤਾ ਤੁਸਿ ਹਰਿ॥

(ਹਰਿ) ਅਜਪਾ ਜਾਪ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ (ਤੁਸਿ) ਪ੍ਰਸੰਨ ਹੋ ਕੇ ਅੰਮ੍ਰਿਤੁ ਨਾਮੁ ਦਾ ਨਿਰਮਲ ਅਖੁੱਟ (ਨਿਧਾਨੁ) ਖ਼ਜ਼ਾਨਾ (ਦਿਤਾ) ਬਖ਼ਸ਼ਿਆ। ਧੰਨ ਹਨ ਧੰਨ ਹਨ ਧੰਨ ਹਨ ਚਵਰ ਛਤ੍ਰ ਤੱਖਤ ਦੇ ਮਾਲਕ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ! ਪਰਮਪੂਜਨੀਕ ਪਰਮਪਵਿੱਤ੍ਰ ਗੁਰਤਾ ਬਿਰਾਜਮਾਨ ਹੋ ਕੇ, ਅਪਣੇ ਪ੍ਰੇਮੀਆਂ ਦੇ ਦਿਲ ਦਿਮਾਗ਼ 'ਚ ਜਾਗਦਿਆਂ, ਅਤੇ ਸੁੱਤਿਆਂ ਦੇ ਸੁਪਨੇ 'ਚ ਗੁਰ ਪੂਰੇ ਕੀ ਬਾਣੀ॥ ਪਾਰਬ੍ਰਹਮ ਮਨਿ ਭਾਣੀ॥ ਅਨੁਸਾਰ ਅੰਮ੍ਰਿਤ ਗੁਰਬਾਣੀ ਜੀ ਭੇਜ ਕੇ, ਪ੍ਰੇਮੀਆਂ ਦੇ ਰੋਮ ਰੋਮ 'ਚ ਵਸ ਕੇ, ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਸਿਮਰਨ ਬਖ਼ਸ਼ ਕੇ ਨਿਹਾਲ ਕਰਦੇ ਰਹਿੰਦੇ ਹਨ ਜੀ। ਯਥਾ:- ਸੁਪਨਿ ਇਕੁ. ਪਰਤਖਿ ਇਕੁ; ਇਕਸ ਮਹਿ ਲੀਣਉ॥

ਨਾਨਕ ਸਦਾ ਅਰਾਧਿ; ਕਦੇ ਨ ਜਾਂਹਿ ਮਰਿ॥੧੭॥

ਪਰਮਪੂਜਨੀਕ ਵਾਹਿਗੁਰੂ (ਨਾਨਕ) ਪੰਜਵੇ ਪਾਤਿਸਾਹ ਜੀ ਫ਼ੁਰਮੌਂਦੇ ਹਨ:- ਹੇ ਗੁਰਮੁਖਿ ਪਿਆਰੇ ਜੀ! ਸੱਚੇ ਕੰਤ ਭਗਵੰਤ ਵਾਹਿਗੁਰੂ ਜੀ ਨੂੰ ਸਦਾ (ਅਰਾਧਿ) ਭਾਵਨਾ ਨਾਲ ਜਪ। ਫਿਰ ਕਦੇ ਮਰਿ ਕੇ ਚੌਰਾਸੀ ਲੱਖ ਜੂਨ ਦੇ ਗੇੜੇ 'ਚ (ਨ) ਨਹੀਂ (ਜਾਂਹਿ) ਜਾਵੇਂਗਾ। ਨਿਰਗੁਨ ਬ੍ਰਹਮ ਜੀ 'ਚ ਲੀਨ ਹੋ ਕੇ ਅਮਰ ਹੋ ਜਾਵੇਂਗਾ। ਯਥਾ:- ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ. ਹਰਿ ਧਿਆਇਆ॥੮॥੨੨॥) ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥੨॥

ਜਿਥੈ ਜਾਏ ਭਗਤੁ; ਸੁ ਥਾਨੁ ਸੁਹਾਵਣਾ॥

ਜਿਥੈ (ਭਗਤੁ) ਸਤਿਗੁਰੂ ਸਾਹਿਬ ਜੀ ਅਥਵਾ ਭਗਤ ਸ੍ਰੀ ਕਬੀਰ ਸਾਹਿਬ ਜੀ, ਸ੍ਰੀ ਸੈਣ ਸਾਹਿਬ ਜੀ ਆਦਿ ਗੁਰਮੁਖਿ ਭਗਤ (ਜਾਏ) ਜਾਂਦੇ ਹਨ। (ਸੁ) ਉਹ (ਥਾਨੁ) ਅਸਥਾਨ ਅਥਵਾ (ਥਾਨੁ) ਰਿਦਾ (ਸੁਹਾਵਣਾ) ਸੋਭਨੀਕ ਅਤਿਅੰਤ ਪੂਜਨੀਕ ਹੋ ਜਾਂਦਾ ਹੈ। ਯਥਾ:- ਜਿਥੈ ਜਾਇ ਬਹੈ. ਮੇਰਾ ਸਤਿਗੁਰੂ; ਸੋ ਥਾਨੁ ਸੁਹਾਵਾ. ਰਾਮ ਰਾਜੇ॥ ਭਾਵ ਉਸ ਜਤੀ ਸਤੀ ਨਿਰਮਲ ਗੁਰਸਿੱਖ ਜੀ ਦਾ ਰਿਦਾ ਰੂਪੀ ਥਾਨੁ ਸ਼ਹਿਨਸ਼ੀਲਤਾ ਖਿਮਾ ਧੀਰਜ ਨਿਰਵਿਕਾਰਤਾ ਸੰਤੋਖ ਨਿਰਵੈਰੁ ਪਰਉਪਕਾਰ ਆਦਿ ਅਸੰਖ ਸ਼ੁਭ ਗੁਣਾਂ, ਨਿਰਗੁਨ ਦੇ ਪ੍ਰਕਾਸ਼ ਸਹਿਤ (ਸੁਹਾਵਣਾ) ਸੋਭਨੀਕ ਹੋ ਜਾਂਦਾ ਹੈ। ਯਥਾ:- ਸਾ ਧਰਤੀ ਭਈ ਹਰੀਆਵਲੀ; ਜਿਥੈ. ਮੇਰਾ ਸਤਿਗੁਰੁ ਬੈਠਾ ਆਇ॥ ਸੇ ਜੰਤ ਭਏ ਹਰੀਆਵਲੇ; ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥) ਸੋ ਰਿਦਾ ਸੁਹੇਲਾ, ਜਿਤੁ ਰਿਦੈ ਤੂੰ ਵੁਠਾ; ਸਭਨਾ ਕੇ ਦਾਤਾਰਾ ਜੀਉ॥੧॥

ਸਗਲੇ ਹੋਏ ਸੁਖ; ਹਰਿ ਨਾਮੁ ਧਿਆਵਣਾ॥

ਜਿਹੜੇ ਪ੍ਰੇਮੀ ਗੁਰਮੁਖਿ ਅਪਣੇ ਰਿਦੇ 'ਚ (ਹਰਿ) ਅਚੱਲ ਵਾਹਿਗੁਰੂ ਜੀ ਦਾ ਸੁਖਦਾਇਕ ਨਾਮੁ (ਧਿਆਵਣਾ) ਧਿਔਂਦੇ ਹਨ, ਉਨ੍ਹਾਂ ਪ੍ਰੇਮੀਆਂ ਨੂੰ (ਸਗਲੇ) ਸਾਰੇ ਸੁਖ ਪ੍ਰਾਪਤ (ਹੋਏ) ਹੋ ਜਾਂਦੇ ਹਨ।

ਜੀਅ ਕਰਨਿ ਜੈਕਾਰੁ; ਨਿੰਦਕ ਮੁਏ ਪਚਿ॥

ਜਿਹੜੇ ਗੁਰਸਿੱਖ ਮਹਾਂਪੁਰਸ਼ ਜੀ ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥ ਅਵਸਥਾ ਨੂੰ ਪ੍ਰਾਪਤ ਸੁਆਸ ਸੁਆਸ ਨਾਮ ਜਪਦੇ ਜਪੌਂਦੇ ਹਨ। ਸਾਰੇ ਜੀਅ ਖੰਡ ਬ੍ਰਹਮੰਡ ਉਨ੍ਹਾਂ ਦਾ ਜੈ ਜੈਕਾਰੁ (ਕਰਨਿ) ਕਰਦੇ ਹਨ। ਯਥਾ:- ਜੈਕਾਰੁ ਕੀਓ ਧਰਮੀਆ ਕਾ; ਪਾਪੀ ਕਉ ਡੰਡੁ ਦੀਓਇ॥੧੬॥) ਪ੍ਰਗਟ ਪ੍ਰਤਾਪੁ ਵਰਤਾਇਓ; ਸਭੁ ਲੋਕੁ ਕਰੈ ਜੈਕਾਰੁ ਜੀਉ॥੧੭॥) ਜੈ ਜੈਕਾਰੁ ਕਰੇ ਸਭੁ ਕੋਈ॥ ਗੁਰ ਪੂਰੇ ਕੀ ਵਡਿਆਈ॥ ਪਰ ਨਿੰਦਕ ਈਰਖਾ ਆਦਿ 'ਚ (ਪਚਿ) ਸੜ ਕੇ (ਮੁਏ) ਮਰ ਗਏ। ਯਥਾ:- ਨਿੰਦਕ ਨਿੰਦਾ ਕਰਿ ਪਚੇ; ਜਮਕਾਲਿ ਗ੍ਰਸੀਏ॥੧॥ਰਹਾਉ॥

ਸਾਜਨ ਮਨਿ ਆਨੰਦੁ; ਨਾਨਕ ਨਾਮੁ ਜਪਿ॥੧੮॥

(ਨਾਨਕ) ਮਹੱਲਾ ਪੰਜਵਾਂ ਸਾਹਿਬ ਜੀ ਫੁਰਮੌਂਦੇ ਹਨ:- ਹੇ ਪਿਆਰੇ ਗੁਰਮੁਖਿ ਜੀ! ਸੱਚੇ (ਨਾਮੁ) ਗੁਰਬਾਣੀ ਜੀ, (ਨਾਮੁ) ਸੱਚੇ ਵਾਹਿਗੁਰੂ ਜੀ ਸੱਚੇ, ਸੱਚੇ ਵਾਹਿਗੁਰੂ ਜੀ ਸੱਚੇ ਰੋਮ ਰੋਮ ਦੇ ਪਿਆਰ ਨਾਲ (ਜਪਿ) ਜਪਣਾ ਕਰ। ਫਿਰ (ਸਾਜਨ) ਹੀਏ ਕੋ ਪ੍ਰੀਤਮੁ; ਸੱਚੇ ਸੱਜਣ ਵਾਹਿਗੁਰੂ ਜੀ ਆਪ ਜੀ ਦੇ ਮਨਿ 'ਚ ਵਸ ਜਾਣਗੇ, ਮਨਿ 'ਚ ਮਹਾਂ ਵਿਸਮਾਦ ਅਜਪਾ ਜਾਪ ਆਨੰਦੁ ਪ੍ਰਾਪਤ ਹੋਵੇਗਾ, ਕੋਟਿ ਸੂਰ ਪ੍ਰਕਾਸ਼ ਹੋਵੇਗਾ ਜੀ ਰਾਮ ਜੀ! ਯਥਾ:- ਨਾਮੁ ਜਪਤ ਕੋਟਿ ਸੂਰ ਉਜਾਰਾ; ਬਿਨਸੈ ਭਰਮੁ ਅੰਧੇਰਾ॥੧॥

ਪਾਵਨ ਪਤਿਤ ਪੁਨੀਤ; ਕਤਹ. ਨਹੀ ਸੇਵੀਐ॥

ਪਾਪਾਂ ਕਰਕੇ (ਪਤਿਤ) ਅਪਵਿੱਤ੍ਰ ਜੀਵ ਨੂੰ (ਪਾਵਨ) ਪਵ੍ਰਿੱਤ ਪੁਨੀਤ ਬਣੌਣ ਵਾਲੇ ਸੱਚੇ ਸਤਿਗੁਰੂ ਸਾਹਿਬ ਜੀ, ਸੱਚੇ ਵਾਹਿਗੁਰੂ ਜੀ, ਸੱਚੇ ਵਾਹਿਗੁਰੂ ਨਾਮ ਜੀ ਨੂੰ, ਮਨਮੁਖ (ਕਤਹ) ਕਦੇ ਭੀ ਨਹੀ (ਸੇਵੀਐ) ਯਾਦ ਕਰਦੇ (ਸੇਵੀਐ) ਸੇਵਾ ਕਰਦੇ। ਯਥਾ:- ਸਤਿਗੁਰੂ. ਨ ਸੇਵਿਓ; ਮੂਰਖ ਅੰਧ ਗਵਾਰਿ॥

ਝੂਠੈ ਰੰਗਿ ਖੁਆਰੁ; ਕਹਾਂ ਲਗੁ ਖੇਵੀਐ॥

ਔਗੁਣਾਂ ਵਿਕਾਰਾਂ ਦੇ ਝੂਠੇ (ਰੰਗਿ) ਅਨੰਦ, ਖੁਆਰੁ ਕਰਨ ਵਾਲੇ ਹਨ। (ਕਹਾਂ) ਕਿੱਥੋਂ (ਲਗੁ) ਤੱਕ ਇਨ੍ਹਾਂ ਦੇ ਦਿਤੇ ਦੁੱਖ ਕਸ਼ਟ (ਖੇਵੀਐ) ਸਹਾਰੀਏ?

ਹਰਿਚੰਦਉਰੀ ਪੇਖਿ; ਕਾਹੇ ਸੁਖੁ ਮਾਨਿਆ॥

ਅਣਹੋਈ, ਝੂਠੀ (ਹਰਿਚੰਦਉਰੀ) ਹਰੀ ਚੰਦ ਦੀ ਝੂਠੀ ਨੱਗਰੀ ਵਾਂਗ ਸੰਸਾਰ ਨੂੰ (ਪੇਖਿ) ਦੇਖ ਕੇ (ਕਾਹੇ) ਕਿਸ ਲਈ ਸੁਖੁ (ਮਾਨਿਆ) ਮੰਨਿਆ। ਯਥਾ:- ਜਿਸਨੋ ਤੂੰ ਅਸਥਿਰੁ ਕਰਿ ਮਾਨਹਿ; ਤੇ ਪਾਹਨੋ. ਦੋ ਦਾਹਾ॥ ਪੁਤ੍ਰ ਕਲਤ੍ਰ ਗ੍ਰਿਹ, ਸਗਲ ਸਮਗ੍ਰੀ; ਸਭ ਮਿਥਿਆ ਅਸਨਾਹਾ॥ (ਹਾ-ਹਾ) ਰੇ ਮਨ; ਕਿਆ ਕਰਹਿ ਹੈ, ਹਾਹਾ॥ ਦ੍ਰਿਸਟਿ ਦੇਖੁ. ਜੈਸੇ ਹਰਿਚੰਦਉਰੀ; ਇਕੁ ਰਾਮ ਭਜਨੁ. ਲੈ ਲਾਹਾ॥ ਜੈਸੇ ਬਸਤਰ, ਦੇਹ ਓਢਾਨੇ; ਦਿਨ ਦੋਇ ਚਾਰਿ. ਭੋਰਾਹਾ॥ ਤਥਾ:- ਨਾਨਕੁ ਵਖਾਣੈ ਬੇਨਤੀ; ਤੁਧੁ ਬਾਝੁ ਕੂੜੋ ਕੂੜੁ॥੧॥) ਇਹ ਜੁ ਦੁਨੀਆ. ਸਿਹਰੁ ਮੇਲਾ; ਦਸਤਗੀਰੀ ਨਾਹਿ॥੧॥ਰਹਾਉ॥

ਹਰਿਹਾਂ. ਹਉ ਬਲਿਹਾਰੀ ਤਿੰਨ; ਜਿ ਦਰਗਹਿ ਜਾਨਿਆ॥੧੯॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਹਉ) ਦਾਸਨਦਾਸ (ਤਿੰਨ) ਤਿਨ੍ਹਾਂ ਗੁਰਮੁਖਾਂ ਤੋਂ ਅਨਿਕ ਵਾਰ (ਬਲਿਹਾਰੀ) ਕੁਰਬਾਨ ਜਾਂਦਾ ਹੈ, (ਜਿ) ਜਿਹੜੇ ਪਿਆਰੇ ਗੁਰਮੁਖਿ ਜੀ (ਦਰਗਹਿ) ਸੱਚਖੰਡ, ਸਾਧਸੰਗਤ ਜੀ 'ਚ (ਜਾਨਿਆ) ਜਾਣੇ ਜਾਂਦੇ ਹਨ ਭਾਵ ਉੱਥੇ ਉਨ੍ਹਾਂ ਦਾ ਸਤਿਕਾਰ ਹੁੰਦਾ ਹੈ। ਗੁਰਸਿੱਖ ਸੰਸਾਰ ਵਿੱਚ ਰਹਿੰਦਿਆਂ, ਸਦਾ ਸੇਵਾ ਸਿਮਰਨ ਕਰਦਿਆਂ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਲ 'ਚ ਗੁਰਬਾਣੀ ਦਾ ਅਨੰਦ ਮਾਣਦਿਆਂ ਕਦੇ ਭੁੱਲ ਕੇ ਕੁਸੰਗ ਨਹੀਂ ਕਰਦੇ, ਨਸ਼ਿਆਂ ਦਾ ਸੇਵਨ ਨਹੀਂ ਕਰਦੇ, ਵਿਕਾਰਾਂ ਮਾਇਆ ਤੋਂ ਨਿਰਲੇਪ, ਜਿਉਂਦੇ ਮਰ ਕੇ ਰਹਿੰਦੇ ਹਨ।

ਕੀਨੇ ਕਰਮ ਅਨੇਕ; ਗਵਾਰ ਬਿਕਾਰ ਘਨ॥

(ਗਵਾਰ) ਬੇਸਮਝ ਮਨਮੁਖ ਨੇ ਪਰ ਗ੍ਰਿਹ ਵਿਕਾਰੀ ਹੋ ਕੇ (ਘਨ) ਬਹੁਤੇ ਤੋਂ (ਅਨੇਕ) ਬਹੁਤੇ ਬਿਕਾਰ,

ਚੋਰੀ ਯਾਰੀ ਜੂਆ ਨਿੰਦਾ ਦੇ ਭੈੜੇ ਕਰਮ (ਕੀਨੇ) ਕੀਤੇ ਹਨ। ਯਥਾ:- ਟੇਢੀ ਪਾਗ ਟੇਢੇ ਚਲੇ; ਲਾਗੇ ਬੀਰੇ ਖਾਨ॥ ਭਾਉ ਭਗਤਿ ਸਿਉ ਕਾਜੁ. ਨ ਕਛੂਐ; ਮੇਰੋ ਕਾਮੁ ਦੀਵਾਨ॥੧॥

ਸਠ ਪੋਲਾ- ਮਹਾ ਦੁਗੰਧਤ ਵਾਸੁ; ਸਠ ਕਾ ਛਾਰੁ ਤਨ॥

ਮਨਮੁਖ ਦੇ ਸ੍ਰੀਰ 'ਚੋਂ (ਮਹਾ) ਬਹੁਤੀ ਭੈੜੀ ਪਾਪਾਂ ਹੰਕਾਰ ਬਿਕਾਰਾਂ ਕਤਲਾਂ ਦੀ (ਦੁਗੰਧਤ) ਭੈੜੀ (ਵਾਸੁ) ਬਦਬੋ (ਵਾਸੁ) ਵਸ ਰਹੀ ਹੈ। ਇਸ ਭੈੜੀ ਬਦਬੋ ਸਹਿਤ ਅਪਵਿੱਤ੍ਰ ਹੋ ਰਿਹਾ ਹੈ। ਦੂਜਿਆਂ ਨੂੰ ਬਦਬੋ ਦੇ ਰਿਹਾ ਹੈ। ਯਥਾ:- ਬਿਰਥਾ; ਨਾਮ ਬਿਨਾ ਤਨੁ ਅੰਧ॥ ਮੁਖਿ ਆਵਤ; ਤਾ ਕੈ ਦੁਰਗੰਧ॥ ਜਿਤਨਾ ਚਿਰ ਵਿਸ਼ੇ ਵਾਸ਼ਨਾ ਹਨ, ਉਤਨਾ ਚਿਰ ਕੌੜਤਣ ਲੱਗੀ ਰਹਿੰਦੀ ਹੈ। (ਸਠ) ਮੂਰਖ (ਕਾ) ਦਾ (ਤਨ) ਸ੍ਰੀਰ (ਛਾਰੁ) ਸੁਆਹ ਹੋ ਜਾਂਦਾ ਹੈ। ਯਥਾ:- ਬਿਖੈ ਕਉੜਤਣਿ ਸਗਲ ਮਾਹਿ; ਜਗਤਿ ਰਹੀ ਲਪਟਾਇ॥ ਨਾਨਕ ਜਨਿ ਵੀਚਾਰਿਆ; ਮੀਠਾ ਹਰਿ ਕਾ ਨਾਉ॥) ਬਿਖਿਆ ਬਿਆਪਿਆ; ਸਗਲ ਸੰਸਾਰੁ॥ ਬਿਖਿਆ; ਲੈ ਡੂਬੀ ਪਰਵਾਰੁ॥ ਜਿਹੜਾ ਸਾਮ੍ਹਣੇ ਐਂਦਾ, ਉਸ ਨੂੰ ਗਾਲਾਂ ਕੱਢਦਾ। ਯਥਾ:- ਜਿਹਵਾ. ਰੰਗਿ ਨਹੀ ਹਰਿ ਰਾਤੀ; ਜਬ ਬੋਲੈ ਤਬ ਫੀਕੇ॥

ਫਿਰਤਉ ਗਰਬ ਗੁਬਾਰਿ; ਮਰਣੁ. ਨਹ ਜਾਨਈ॥
ਹਰਿਹਾਂ, ਹਰਿਚੰਦਉਰੀ ਪੇਖਿ; ਕਾਹੇ ਸਚੁ ਮਾਨਈ॥੨੦॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਮਨਮੁਖ ਦੀ ਦੁਰਦਸ਼ਾ ਸੁਣਾ ਕਰੋ ਜੀ:- ਮਨਮੁਖ ਅਪਨੇ ਆਪ ਨੂੰ ਰੱਬ ਥਾਪ ਕੇ, (ਗਰਬ) ਹੰਕਾਰ ਦੇ (ਗੁਬਾਰਿ) ਹਨ੍ਹੇਰੇ 'ਚ ਅੰਨ੍ਹਾ ਹੋ ਕੇ (ਫਿਰਤਉ) ਫਿਰਦਾ ਹੈ। ਪਰ (ਮਰਣੁ) ਮਰਣਾ ਅਥਵਾ ਜੀਵਤ ਭਾਵ ਤੋਂ ਮਰਣਾ (ਨਹ) ਨਹੀਂ (ਜਾਨਈ) ਜਾਣਦਾ। ਹੇ ਭਾਈ! (ਕਾਹੇ) ਕਿਉਂ ਹਰਿਚੰਦਉਰੀ ਰੂਪ ਝੂਠਾ ਸੰਸਾਰ (ਪੇਖਿ) ਦੇਖ ਕੇ (ਸਚੁ) ਸੱਚਾ (ਮਾਨਈ) ਮੰਨਦਾ ਹੈ? ਯਥਾ:- ਮਹਾ ਬਚਿਤ੍ਰ ਸੁੰਦਰ ਆਖਾੜੇ; ਰਣ ਮਹਿ ਜਿਤੇ ਪਵਾੜੇ॥ ਹਉ ਮਾਰਉ. ਹਉ ਬੰਧਉ ਛੋਡਉ; ਮੁਖ ਤੇ ਏਵ ਬਬਾੜੇ॥ ਆਇਆ ਹੁਕਮੁ ਪਾਰਬ੍ਰਹਮ ਕਾ; ਛੋਡਿ ਚਲਿਆ ਏਕ ਦਿਹਾੜੇ॥੨॥) ਕਬੀਰ. ਮਰਤਾ ਮਰਤਾ ਜਗੁ ਮੂਆ; ਮਰਿ. ਭੀ ਨ ਜਾਨਿਆ ਕੋਇ॥ ਐਸੇ ਮਰਨੇ ਜੋ ਮਰੈ; ਬਹੁਰਿ. ਨ ਮਰਨਾ ਹੋਇ॥੨੯॥

ਪੂੱਜੈ। ਰਾ-ਖਈ- ਜਿਸ ਕੀ ਪੂਜੈ ਅਉਧ; ਤਿਸੈ ਕਉਣੁ ਰਾਖਈ॥

ਔਗੁਣਾਂ ਵਿਕਾਰਾਂ 'ਚ ਖੱਚਤ, ਸਿਮਰਨ ਹੀਨ ਜਿਸ (ਕੀ) ਦੀ (ਅਉਧ) ਉਮਰ ਆਖਰੀ ਸੁਆਸਾਂ ਤੇ (ਪੂਜੈ) ਪੁਜ ਜਾਵੇ। (ਤਿਸੈ) ਤਿਸ ਨੂੰ ਕਾਲ ਤੋਂ ਕਉਣੁ (ਰਾਖਈ) ਰੱਖੇਗਾ? ਭਾਵ ਕੋਈ ਨਹੀਂ ਰੱਖ ਸਕੇਗਾ, ਕੇਵਲ ਦਸ ਸਤਿਗੁਰੂ ਸਾਹਿਬਾਨ ਹੀ ਰੱਖ ਸਕਦੇ ਹਨ ਜੀ ਰਾਮ ਜੀ! ਯਥਾ:- ਮਾਨਸ ਕੀ; ਕਹੁ ਕੇਤਕ

ਬਾਤ॥ ਜਮ ਤੇ ਰਾਖੈ; ਦੇ ਕਰਿ ਹਾਥ॥੩॥ ਤਥਾ:- ਸੋ ਸਤਿਗੁਰੁ ਪਿਆਰਾ. ਮੇਰੈ ਨਾਲਿ ਹੈ; ਜਿਥੈ ਕਿਥੈ ਮੈਨੋ ਲਏ ਛਡਾਈ॥

ਭਾਖ-ਈ- ਬੈਦਕ ਅਨਿਕ ਉਪਾਵ; ਕਹਾਂ ਲਉ ਭਾਖਈ॥

ਐਸੇ ਪਾਪੀ ਨੂੰ ਭਾਵੇਂ (ਅਨਿਕ) ਅਨੇਕਾਂ ਸੰਸਾਰੀ (ਬੈਦਕ) ਹਕੀਮ ਬਚੌਂਣ ਦੇ ਅਨੇਕਾਂ (ਉਪਾਵ) ਜਤਨ ਕਰਨ। ਪਰ (ਕਹਾਂ) ਕਿੱਥੋ ਤੱਕ ਵੈਦ ਬਚੌਂਣ (ਲਉ) ਲਈ ਦਵਾਈ, ਇਲਾਜ (ਭਾਖਈ) ਕਹਿਣਗੇ? ਭਾਵ ਦੱਸੇ ਸਾਰੇ ਇਲਾਜ ਵਿਅਰਥ ਹੋਣਗੇ, ਕਿਉਂਕਿ ਉਨ੍ਹਾਂ ਨੇ ਗੁਰੂ ਸੇਵਾ ਭਗਤੀ ਨਹੀਂ ਕੀਤੀ, ਚੋਰੀ ਡਾਕੇ ਕਤਲ ਘੋਰ ਭਿਆਨਕ ਪਾਪ ਕੀਤੇ ਹਨ। ਯਥਾ:- ਕਬੀਰ. ਬੈਦੁ ਕਹੈ ਹਉ ਹੀ ਭਲਾ; ਦਾਰੂ ਮੇਰੈ ਵਸਿ॥ ਇਹ ਤਉ ਬਸਤੁ ਗੁਪਾਲ ਕੀ; ਜਬ ਭਾਵੈ. ਲੇਇ ਖਸਿ॥੭੯॥ ਜਿਸ ਪਾਪੀ ਨੇ ਸਾਰੀ ਉਮਰ ਵਿਕਾਰ ਪਾਪ ਔਗੁਣ ਇਕੱਠੇ ਕੀਤੇ, ਉਸ ਨੂੰ ਲੋਕ ਪ੍ਰਲੋਕ 'ਚ ਭਟਕਦੇ ਨੂੰ, ਸਤਿਗੁਰੂ ਸਾਹਿਬ ਜੀ ਤੋਂ ਬਿਨਾ, ਕੋਈ ਨਹੀਂ ਬਚਾ ਸਕਦਾ। ਯਥਾ:- ਜਿਸੁ ਪਾਪੀ ਕਉ. ਮਿਲੈ ਨ ਢੋਈ॥ ਸਰਣਿ ਆਵੈ; ਤਾਂ ਨਿਰਮਲੁ ਹੋਈ॥੧॥

ਆਵ-ਈ- ਏਕੋ ਚੇਤਿ ਗਵਾਰ; ਕਾਜਿ ਤੇਰੈ ਆਵਈ॥

ਹੇ (ਗਵਾਰ) ਮੂਰਖ ਮਨਮੁਖ! ਏਕੋ ਇੱਕ ਅਕਾਲਪੁਰਖੁ ਵਾਹਿਗੁਰੂ ਜੀ ਨੂੰ ਪੂਰਨ ਭਰੋਸੇ, ਪੂਰਨ ਪ੍ਰੇਮ ਪ੍ਰਤੀਤ ਸਰਧਾ ਨਾਲ (ਚੇਤਿ) ਯਾਦ ਕਰ। ਇਹ ਨਾਮ ਜਪ ਜਪੌਣ ਦਾ ਸ਼ੁਭ ਕਾਜਿ ਤੇਰੈ ਲੋਕ ਪ੍ਰਲੋਕ 'ਚ ਕੰਮ (ਆਵਈ) ਔਣਗੇ। ਯਥਾ:- ਜਿਹ ਮਾਰਗ ਕੇ; ਗਨੇ ਜਾਹਿ ਨ. ਕੋਸਾ॥ ਹਰਿ ਕਾ ਨਾਮੁ; ਊਹਾ ਸੰਗਿ ਤੋਸਾ॥ ਜਿਹ ਪੈਡੈ; ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ; ਸੰਗਿ ਉਜੀਆਰਾ॥ ਜਹਾ ਪੰਥਿ; ਤੇਰਾ. ਕੋ ਨ ਸਿਞਾਨੂ॥ ਹਰਿ ਕਾ ਨਾਮੁ; ਤਹ ਨਾਲਿ ਪਛਾਨੂ॥ ਜਹ ਮਹਾ ਭਇਆਨ; ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ; ਤੁਮ ਊਪਰਿ ਛਾਮ॥ ਜਹਾ ਤ੍ਰਿਖਾ; ਮਨ ਤੁਝੁ ਆਕਰਖੈ॥ ਤਹ ਨਾਨਕ; ਹਰਿ ਹਰਿ ਅੰਮ੍ਰਿਤੁ ਬਰਖੈ॥੪॥

ਜਾ-ਵਈ- ਹਰਿਹਾਂ. ਬਿਨੁ ਨਾਵੈ ਤਨੁ ਛਾਰੁ; ਬ੍ਰਿਥਾ ਸਭੁ ਜਾਵਈ॥੨੧॥

ਹੇ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਸੱਚੇ ਅੰਮ੍ਰਿਤ ਨਿਰੰਕਾਰ (ਨਾਵੈ) ਨਾਮ ਗੁਰਬਾਣੀ ਜੀ ਤੋਂ (ਬਿਨੁ) ਬਿਨਾ, (ਤਨੁ) ਸ੍ਰੀਰ ਵਿਕਾਰਾਂ 'ਚ (ਛਾਰੁ) ਸੁਆਹ ਹੋ ਜਾਂਦਾ, ਸਭੁ ਜੀਵਨ, ਪਦਾਰਥ, ਰਾਜ, ਹੀਰੇ, ਜਵਾਹਰਾਤ ਆਦਿ (ਬ੍ਰਿਥਾ) ਬ੍ਰਿਥੇ (ਜਾਵਈ) ਚਲੇ ਜਾਂਦੇ। ਮਨਮੁਖ ਨੰਗਾ ਦੋਜ਼ਕ ਨੂੰ ਚਲਿਆ ਜਾਂਦਾ। ਯਥਾ:- ਨਾਮ ਬਿਹੂਨਾ. ਤਨੁ ਮਨੁ ਹੀਨਾ; ਜਲ ਬਿਨੁ ਮਛੁਲੀ ਜਿਉ ਮਰੈ॥) ਹਰਿ ਕੇ ਨਾਮ ਹੀਨ, ਬੇਤਾਲ॥) ਨੰਗਾ. ਦੋਜਕਿ ਚਾਲਿਆ; ਤਾ. ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥੧੪॥

ਅਉਖਧੁ ਨਾਮੁ ਅਪਾਰੁ; ਅਮੋਲਕੁ ਪੀਜਈ॥

ਸਰਬ ਰੋਗ ਕਾ; ਅਉਖਦੁ ਨਾਮੁ॥ ਅਨੁਸਾਰ (ਅਪਾਰੁ) ਪਰਾਵਾਰ ਰਹਿਤ ਸੱਚੇ ਨਿਰਮਲ ਅਬਿਨਾਸੀ ਅਕਾਲਪੁਰਖੁ ਵਾਹਿਗੁਰੂ ਜੀ ਦੇ (ਅਪਾਰੁ) ਪਰਾਵਾਰ ਰਹਿਤ ਸੱਚੇ ਨਿਰਮਲ ਅਬਿਨਾਸੀ ਨਾਮੁ ਜੀ ਹੀ (ਅਉਖਧੁ) ਦਵਾਈ ਹਨ। ਇਸ ਅਮੋਲਕੁ ਅੰਮ੍ਰਿਤ ਨਾਮ ਦਾਰੂ ਨੂੰ ਬਖ਼ਸ਼ੇ ਹੋਏ ਗੁਰਸਿੱਖ (ਪੀਜਈ) ਪੀਂਦੇ ਹਨ। ਜਿਹੜੇ ਰੋਗ ਦਵਾਈ ਨਾਲ ਨਹੀਂ ਹੱਟਦੇ, ਅਨਿਕ ਉਪਾਵੀ; ਰੋਗੁ ਨ ਜਾਇ॥ ਰੋਗੁ ਮਿਟੈ; ਹਰਿ ਅਵਖਧੁ ਲਾਇ॥ ਅਨੁਸਾਰ ਨਾਮ ਦੀ ਦਵਾਈ ਨਾਲ ਹਟ ਜਾਂਦੇ ਹਨ ਜੀ ਰਾਮ ਜੀ! ਤੁਮ ਬਡ ਦਾਤੇ; ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥ ਗੁਰਮੁਖਾਂ ਦਾ ਖਾਣਾ ਪੀਣਾ ਪਹਿਨਣਾ ਸਾਰਾ ਅੰਮ੍ਰਿਤ ਨਾਮ ਹੀ ਹੈ।

ਮਿਲਿ ਮਿਲਿ ਖਾਵਹਿ ਸੰਤ; ਸਗਲ ਕਉ ਦੀਜਈ॥

(ਸੰਤ) ਪਰਮਪੂਜਨੀਕ ਧੰਨ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ, ਗੁਰਸਿੱਖਾਂ ਨਾਲ ਮਿਲਿ ਮਿਲਿ ਕੇ ਪੂਰੀਆਂ ਲਗਾਂ ਲਾ ਕੇ ਅੰਮ੍ਰਿਤ ਮਈ ਧੁਰ ਕੇ ਗੁਰਬਾਣੀ ਜੀ ਉਚਾਰ ਕੇ, ਕਥਾ ਕੀਰਤਨ ਕਰਦਿਆਂ ਆਪ ਵਿਸਮਾਦ ਬ੍ਰਹਮਾਨੰਦ ਅੰਮ੍ਰਿਤ (ਖਾਵਹਿ) ਖਾਂਦੇ ਤੇ (ਸਗਲ) ਸਾਰੇ ਪ੍ਰੇਮੀ ਗੁਰਸਿੱਖਾਂ (ਕਉ) ਨੂੰ (ਦੀਜਈ) ਦਿੰਦੇ ਹਨ ਜੀ।

ਜਿਸੈ ਪਰਾਪਤਿ ਹੋਇ; ਤਿਸੈ ਹੀ ਪਾਵਣੇ॥

(ਜਿਸੈ) ਜਿਸ ਪਿਆਰੇ ਗੁਰਸਿੱਖ ਸੰਤ ਜੀ ਨੂੰ ਪੂਰਨ ਗੁਰਾਂ ਦੁਆਰਾ ਸੱਚੇ ਨਾਮ ਜੀ ਪਰਾਪਤਿ (ਹੋਇ) ਹੁੰਦੇ ਹਨ। (ਤਿਸੈ) ਤਿਸ ਨੇ ਹੀ (ਪਾਵਣੇ) ਪੌਣੇ ਕੀਤੇ ਹਨ। ਯਥਾ:- ਹਰਿ ਧਨੁ ਖਾਟਿ; ਚਲੈ ਜਨੁ ਸੋਇ॥ ਨਾਨਕ; ਜਿਸਹਿ ਪਰਾਪਤਿ ਹੋਇ॥੫॥

ਹਰਿਹਾਂ. ਹਉ ਬਲਿਹਾਰੀ ਤਿੰਨ੍; ਜਿ ਹਰਿ ਰੰਗੁ ਰਾਵਣੇ॥੨੨॥

ਹੇ ਗੁਰਮੁਖਿ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! (ਹਉ) ਦਾਸਨਦਾਸ ਤਿੰਨ੍ ਨਾਮ ਰਸੀਏ ਸੁਆਸ ਸੁਆਸ ਨਾਮ ਜਪਣ ਜਪੌਣ ਵਾਲੇ ਗੁਰਸਿੱਖਾਂ ਤੋਂ (ਬਲਿਹਾਰੀ) ਕੁਰਬਾਣ ਜਾਂਦਾ ਹੈ। (ਜਿ) ਜਿਹੜੇ (ਹਰਿ) ਸੱਚੇ ਵਾਹਿਗੁਰੂ ਸੱਚੇ ਸੱਚੇ ਵਾਹਿਗੁਰੂ ਸੱਚੇ ਨਾਮ ਦਾ (ਰੰਗੁ) ਅਨੰਦ (ਰੰਗੁ) ਪ੍ਰੇਮ ਰੰਗੁ (ਰਾਵਣੇ) ਮਾਣਦੇ ਅਥਵਾ (ਰੰਗੁ) ਪ੍ਰੇਮ ਰੰਗੁ ਨਾਲ (ਰਾਵਣੇ) ਉਚਾਰਦੇ ਹਨ ਜੀ।

ਵੈਦਾਂ- ਵੈਦਾ ਸੰਦਾ ਸੰਗੁ; ਇਕਠਾ ਹੋਇਆ॥

ਪਰਮਪੂਜਨੀਕ ਨਿਰਮਲ ਸੁੰਦਰ ਅਨੰਦ ਬ੍ਰਹਮ ਸਰੂਪ ਸੱਚੇ ਸਤਿਗੁਰੂ ਗਰੰਥ ਸਾਹਿਬ ਜੀ ਫ਼ੁਰਮੌਂਦੇ ਹਨ:- ਸ੍ਰੇਸਟ ਸੁਜਾਣ ਵੈਦਾ ਦਸ ਸਤਿਗੁਰੂ ਸਾਹਿਬ ਜੀ ਅਥਵਾ ਸਮੂਹ ਸੰਤਾਂ ਭਗਤਾਂ (ਸੰਦਾ) ਦਾ ਸੰਗੁ ਇਕਠਾ ਗੁਰੂ ਪਿਆਰੀ ਸਾਧਸੰਗਤ ਜੀ'ਚ ਹੋਇਆ।

ਅਉਖਦ ਆਏ ਰਾਸਿ; ਵਿਚਿ ਆਪਿ ਖਲੋਇਆ॥

ਪਿਆਰੇ ਵਾਹਿਗੁਰੂ ਜੀ ਆਪਿ ਵਿਚਿ (ਖਲੋਇਆ) ਖਲੋਏ ਹਨ। ਆਪ ਹੀ ਗੁਰਸਿੱਖ ਨੂੰ ਗੁਰਬਾਣੀ ਸਣੌਂਦੇ, ਆਪ ਉਨ੍ਹਾਂ ਤੋਂ ਗੁਰਬਾਣੀ ਜੀ ਜਪੌਂਦੇ ਹਨ। ਜਿਸ ਕਰਕੇ ਨਾਮ ਗੁਰਬਾਣੀ ਰੂਪੀ (ਅਉਖਦ) ਦੁਆਈ (ਰਾਸਿ) ਮੁਆਫਕ (ਆਏ) ਆ ਗਏ। ਸਭ ਆਧੀ ਬਿਆਧੀ ਉਪਾਧੀ ਹਉਮੈ ਰੋਗ ਨਾਸ ਹੋ ਗਏ। ਯਥਾ:- ਵਿਚਿ. ਕਰਤਾ ਪੁਰਖੁ ਖਲੋਆ॥ ਵਾਲੁ. ਨ ਵਿੰਗਾ ਹੋਆ॥ ਮਜਨੁ. ਗੁਰ ਆਂਦਾ ਰਾਸੇ॥ ਜਪਿ ਹਰਿ ਹਰਿ; ਕਿਲਵਿਖ ਨਾਸੇ॥੧॥) ਸਰਬ ਰੋਗ ਕਾ; ਅਉਖਦੁ ਨਾਮੁ॥ ਕਲਿਆਣ ਰੂਪ; ਮੰਗਲ ਗੁਣ ਗਾਮ॥

ਜੋ ਜੋ ਓਨਾ ਕਰਮ; ਸੁਕਰਮ ਹੋਇ ਪਸਰਿਆ॥

ਸ੍ਰੇਸਟ ਵੈਦ ਸਤਿਗੁਰੂ ਸਾਹਿਬਾਨ ਜੀ (ਜੋ) ਜਿਹੜਾ (ਜੋ) ਜਿਹੜਾ (ਕਰਮ) ਕੰਮ ਕਰਦੇ ਹਨ, ਓਨਾ ਦਾ (ਸੁ+ਕਰਮ) (ਸੁ) ਸ੍ਰੇਸਟ ਕਰਮ (ਹੋਇ) ਹੋ ਕੇ ਖੰਡਾਂ ਬ੍ਰਹਮੰਡਾਂ 'ਚ (ਪਸਰਿਆ) ਫ਼ੈਲ ਗਿਆ। ਭਾਵ ਜਦੋਂ ਸਤਿਗੁਰੂ ਸਾਹਿਬ ਜੀ, ਗੁਰਸਿੱਖ ਭਗਤ ਅੰਮ੍ਰਿਤ ਵੇਲੇ ਉੱਠਦੇ, ਇਸਨਾਨ ਕਰਦੇ, ਨਾਮ ਜਪਦੇ, ਗੁਰਬਾਣੀ ਪੜ੍ਹਦੇ, ਗੁਰਬਾਣੀ ਸੁਰਤੀ 'ਚ ਸਿਮਰਦਿਆਂ ਪ੍ਰਛਾਦਾ ਛਕਦੇ, ਧਰਮ ਕਿਰਤ ਕਰਦੇ, ਵੰਡ ਛਕਦੇ, ਜੈਕਾਰੇ ਗੱਜੌਂਦੇ ਆਦਿ ਸਾਰੇ ਕਰਮ ਸੰਸਾਰ 'ਚ ਸ੍ਰੇਸਟ ਕਰਮ ਹੋ ਕੇ ਫੈਲ ਜਾਂਦੇ ਹਨ।

ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ॥੨੩॥

ਹੇ ਗੁਰਮੁਖਿ ਹਰਿਹਾਂ ਜੀ ਅਥਵਾ (ਹਰਿਹਾਂ) ਹਰੀ ਸਰੂਪ ਸਾਧਸੰਗਤ ਜੀ! ਉਪ੍ਰੋਕਤ ਗੁਰਮੁਖਾਂ ਦਾ ਮਾਨਸਕ, ਸ੍ਰੀਰਕ (ਦੂਖ) ਦੁੱਖ, ਰੋਗ, ਸਭਿ ਪਾਪ (ਤਨ) ਸ੍ਰੀਰ (ਤੇ) ਤੋਂ (ਖਿਸਰਿਆ) ਨਾਸ ਹੋ ਗਿਆ।

ਸ੍ਰੀ ਫੁਨਹੇ ਗੁਰਬਾਣੀ ਜੀ ਸੰਪੂਰਨ ਗੁਰਪ੍ਰਸਾਦਿ ਜੀ ਰਾਮ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹ॥

ਬੋਲੇ ਸੋ ਨਿਹਾਲ॥ ਸਤ ਸ੍ਰੀ ਅਕਾਲ॥